# ਸਾਵਾਂ ਵੇ ਮਾਰੂਥਲ



ਕਿਦਾਰ ਨਾਥ ਕਿਦਾਰ

Academy of the Punjab in North America: http://www.apnaorg.com

ਯਾਦਾਂ ਦੇ ਮਾਰੂਥਲ
(ਕਵਿਤਾਵਾਂ)

Academy of the Punjab in North America: http://www.apnaorg.com

YAADAN DE MARUTHAL

by

Kedar Nath Kedar
P.O. Box 2689
Code No. 22027
SALMIA (Kuwait)

**Bishan Chand & Sons**

5751-Jogiwara, Nai Sarak

DELHI—110006.

Academy of the Punjab in North America: http://www.apnaorg.com

# ਯਾਦਾਂ ਦੇ ਮਾਰੂਥਲ

ਕਿਦਾਰ ਨਾਥ ਕਿਦਾਰ

Academy of the Punjab in North America: http://www.apnaorg.com

ਪਹਿਲੀ ਵਾਰ : 1986

**ਪ੍ਰਕਾਸ਼ਕ**
**ਬਿਸ਼ਨ ਚੰਦ ਐਂਡ ਸੰਨਜ਼**
5751 ਜੋਗੀਵਾੜਾ, ਨਈ ਸੜਕ
ਦਿੱਲੀ—110006

**ਛਾਪਕ**

**ਰੰਗਸ਼ਾਲਾ ਪ੍ਰਿੰਟਰਜ਼**
2017 ਸੈਕਟਰ 15-ਸੀ
ਚੰਡੀਗੜ੍ਹ—160015

**ਕੀਮਤ 35 ਰੁਪਏ**

Academy of the Punjab in North America: http://www.apnaorg.com

**ਸਮਰਪਣ**

ਆਪਣੇ ਮਾਤਾ ਪਿਤਾ ਤੇ ਵੀਰ

ਰਾਮਨਾਥ

ਨੂੰ

ਜੋ ਮੇਰੇ ਪਾਸੋਂ ਸਦਾ ਲਈ

ਵਿਛੜ ਗਏ ਹਨ ।

Academy of the Punjab in North America: http://www.apnaorg.com

ਹਰ ਐਬ ਸੇ ਮਾਨਾ ਕਿ ਜੁਦਾ ਹੋ ਜਾਏ
ਕਿਆ ਹੈ ਅਗਰ ਇਨਸਾਨ ਖ਼ੁਦਾ ਹੋ ਜਾਏ ।
ਸ਼ਾਇਰ ਕਾ ਤੋ ਬਸ ਕਾਮ ਯੇ ਹੈ, ਹਰ ਦਿਲ ਮੇਂ
ਕੁਛ ਦਰਦੇ-ਹਾਯਾਤ ਔਰ ਸਿਵਾ ਹੋ ਜਾਏ ।
ਫ਼ਿਰਾਕ ਗੋਰਖਪੁਰੀ

Academy of the Punjab in North America: http://www.apnaorg.com

# ਤਤਕਰਾ


9 ਸਫਰ ਜ਼ਿੰਦਗੀ ਦਾ
11 ਮਾਰੂਥਲ
14 ਖੂਨ ਦਾ ਰੰਗ ਲਾਲ ਹੈ
15 ਹੰਝੂ
18 ਯਾਦ
19 ਅਣਜੋੜ
23 ਪਿਆਰ
26 ਗਿਲਾ
29 ਉਡੀਕ
33 ਦਿਲ
36 ਕੱਲੀ ਨੂੰ ਡਰ ਲਗੇ
38 ਆਜ਼ਾਦੀ ਦੀ ਵਧਾਈ
39 ਗੁਰੂ ਨਾਨਕ ਜੀ
42 ਨਾਇਤ—1
45 ਨਾਇਤ—2
47 ਭਗਤ
49 ਕਵਿਤਾ
52 ਖਿਆਲ
54 ਯਾਦ ਕਿਸੇ ਦੀ ਆਉਂਦੀ ਹੈ
56 ਦਿਲਲਗੀ
58 ਰੋਸ਼ਨੀ ਦੀ ਕਿਰਨ
60 ਜੁਦਾਈ ਦਾ ਪਲ
62 ਦੀਦ ਦੀ ਸਿੱਕ
64 ਗੁਥੀ ਜ਼ਿੰਦਗੀ ਦੀ
66 ਦੀਵਾਨਾਪਨ
68 ਜ਼ੋਰਾਵਰ


Academy of the Punjab in North America: http://www.apnaorg.com

69 ਖੁਸ਼ੀਆਂ ਦੇ ਝਰਨੇ
71 ਪੁੰਨ ਪਾਪ
72 ਆਸ
73 ਕੁਰਬਾਨੀ
74 ਸ਼ੈਤਾਨ
75 ਭੁਲੇਖਾ
76 ਧਰਮ ਖ਼ਤਰੇ ਵਿਚ
77 ਆਦਮੀ
78 ਕਾਸ਼ਨੀ ਅੱਖਾਂ
79 ਹੁਸਨ ਦਾ ਸੁਹੱਪਣ
80 ਬੇਖਸ
81 ਹੰਝੂਆਂ ਦੇ ਸੋਮੇ
82 ਵੇਲਾ
83 ਵਿਛੋੜਾ
84 ਪਿਆਰ ਅਮਰ ਹੈ
85 ਮਹਾਤਮਾ ਗਾਂਧੀ
86 ਦੀਵਾਲੀ
87—104 ਗ਼ਜ਼ਲਾਂ ਤੇ ਰੁਬਾਈਆਂ

Academy of the Punjab in North America: http://www.apnaorg.com

## ਸਫ਼ਰ ਜ਼ਿੰਦਗੀ ਦਾ

ਬਦਲਣਾ ਆਇਆ ਨਾ ਮੌਸਮ ਦੀ ਤਰ੍ਹਾਂ ਸਾਨੂੰ
ਜਿਹਦੇ ਹੋਏ ਅਸੀਂ ਹੋਕੇ ਰਹਿ ਗਏ ਹਾਂ

ਬੇਵਫਾਈ ਦੀ ਕਿਸੇ ਜੇ ਚੋਬ ਚੋਬੀ
ਉਹ ਵੀ ਹੱਸ ਕੇ ਜਾਨ ਤੇ ਸਹਿ ਗਏ ਹਾਂ

ਚਾਹਤ ਰੱਖੀ ਨਾ ਡਰ ਦੀ ਕੈਦ ਅੰਦਰ
ਜਿਹੜੀ ਗੱਲ ਸੱਚੀ ਦਿਲ ਦੀ ਕਹਿ ਗਏ ਹਾਂ

ਤਾਈਉਂ ਚੱਲ ਨਾ ਦੁਨੀਆਂ ਦੇ ਨਾਲ ਸਕੇ
ਲੈ ਕੇ ਦਰਦ ਤਨਹਾਈ ਵਿਚ ਬਹਿ ਗਏ ਹਾਂ

ਅਸੀਂ ਐਸੇ ਵਣਜਾਰੇ ਹਾਂ ਵਣਜ ਅੰਦਰ
ਗਲੀ ਗਲੀ ਅੰਦਰ ਹੋਕਾ ਲਾਉਣ ਵਾਲੇ

ਸੁਚਾ ਸੱਚਾ ਅਸਾਂ ਦਾ ਵਣਜ ਯਾਰੋ
ਬਦਲੇ ਪਿਆਰ ਦੇ ਸਭ ਕੁਝ ਲੁਟਾਣ ਵਾਲੇ

ਸਫ਼ਰ ਜ਼ਿੰਦਗੀ ਦਾ ਜੇਕਰ ਅਸੀਂ ਯਾਰੋ
ਪਲ ਦੋ ਪਲ ਵੀ ਕਿਸੇ ਦੇ ਨਾਲ ਕੀਤਾ



Academy of the Punjab in North America: http://www.apnaorg.com

ਸਾਰੀ ਉਮਰ ਨਾ ਉਸਨੂੰ ਭੁਲ ਸਕੇ
ਸਦਾ ਉਸਦਾ ਦਿਲ ਵਿਚ ਖਿਆਲ ਕੀਤਾ

ਚਾਪਲੂਸੀਆਂ ਨਾਲ ਨਾ ਭਰੀ ਝੋਲੀ
ਨਾ ਕਸਮਾਂ ਵਾਹਦਿਆਂ ਨਾਲ ਮਾਲਾ ਮਾਲ ਕੀਤਾ

ਜਿਹਨੂੰ ਯਾਦ ਕੀਤਾ ਦਿਲੋਂ ਯਾਦ ਕੀਤਾ
ਜਿਹਨੂੰ ਪਿਆਰ ਕੀਤਾ ਹਰ ਇਕ ਹਾਲ ਕੀਤਾ

ਮੋਤੀ ਚਮਕੇ ਜਦ ਕਿਸੇ ਦੀ ਅੱਖੀਆਂ 'ਚੋਂ
ਆਪਣੀ ਪਲਕਾਂ ਦੇ ਉਤੇ ਸਜਾਏ ਯਾਰੋ

ਉਹਨੂੰ ਖੁਸ਼ੀ ਦੇਕੇ ਮਿਲੀ ਖੁਸ਼ੀ ਸਾਨੂੰ
ਦੁਖ ਦਰਦ ਸਭ ਉਹਦੇ ਭੁਲਾਏ ਯਾਰੋ

ਹਸਦੇ ਫੁੱਲਾਂ ਨੂੰ ਦੇਖ ਕੇ ਕੰਡਿਆਂ 'ਚੋਂ
ਰਾਜ਼ ਜ਼ਿੰਦਗੀ ਦਾ ਅਸੀਂ ਪਾ ਲਿਆ ਸੀ

ਮਿਲਿਆ ਗਮ ਵੀ ਜੇਕਰ ਨਸੀਬ ਅੰਦਰ
ਉਹ ਵੀ ਘੁਟ ਕੇ ਸੀਨੇ ਨਾਲ ਲਾ ਲਿਆ ਸੀ

ਰੱਬ ਦੇਖਿਆ ਤੇ ਅਸੀਂ ਨਹੀਂ ਹੈਗਾ
ਜਲਵਾ ਉਸਦਾ ਹਰ ਥਾਂ ਪਾ ਲਿਆ ਸੀ

ਤਾਈਉਂ ਫ਼ਰਕ ਨਾ ਅਸੀਂ ਮਹਿਸੂਸ ਕੀਤਾ
ਸਭ ਨੂੰ ਆਪਣਾ ਯਾਰੋ ਬਣਾ ਲਿਆ ਸੀ

ਤੁਹਾਡਾ ਦਿਲ ਹੈ ਜਿਸ ਨੂੰ ਪਸੰਦ ਕਰਦਾ
ਉਹ ਹੀ ਰਿਸ਼ਤਾ ਹੈ ਸੱਚਾ ਸੰਸਾਰ ਅੰਦਰ

ਬੁਰਾ ਕੋਈ ਨਾ ਨਜ਼ਰ 'ਕਿਦਾਰ' ਆਊ
ਜੇਕਰ ਦੇਖੋਗੇ ਤੁਸੀਂ ਪਿਆਰ ਅੰਦਰ ।

□



Academy of the Punjab in North America: http://www.apnaorg.com

# ਮਾਰੂਥਲ

ਯਾਦਾਂ ਦੇ ਮਾਰੂਥਲ ਅੰਦਰ
ਅਸੀਂ ਬਹਿ ਕੇ ਜਿੰਦ ਸੁਕਾ ਲਈ ਏ

ਅਸੀਂ ਵਸਲ ਦਾ ਭਾੜਾ ਲੈਣ ਲਈ
ਆਹਾਂ ਦੀ ਭੱਠੀ ਤਾਅ ਲਈ ਏ

ਅਸੀਂ ਹਾਸਲ ਤੈਨੂੰ ਕਰਨ ਲਈ
ਇਹ ਜਿੰਦੜੀ ਗਹਿਣੇ ਪਾ ਲਈ ਏ

ਤੇਰੀ ਲੰਬੀ ਵਾਟ ਉਡੀਕਾਂ ਦੀ
ਅਸੀਂ ਸਿਰ ਦੇ ਭਾਰ ਮੁਕਾ ਲਈ ਏ

ਕੀ ਹੋਇਆ ਇਹ ਹੈ ਹਾਲ ਹੋਇਆ
ਹੁਣ ਹਰ ਕੰਮ ਤੋਂ ਇਹ ਆਰੀ ਏ

ਤੇਰੇ ਪਿਆਰ ਦੇ ਸਿਰ ਦੇ ਉਤੋਂ ਪਰ
ਅਸੀਂ ਦੇਖ ਜਵਾਨੀ ਵਾਰੀ ਏ

ਮੇਰੀ ਦੇਖ ਕੇ ਉਜੜੀ ਦੁਨੀਆਂ ਨੂੰ
ਲੋਕਾਂ ਨੇ ਹਉਕੇ ਭਰ ਲਏ ਨੇ



Academy of the Punjab in North America: http://www.apnaorg.com

ਤੀਲੇ ਕੁਝ ਬਚੇ ਉਮੀਦਾਂ ਦੇ
ਮੈਂ ਮੁੜ ਕੇ ਇਕੱਠੇ ਕਰ ਲਏ ਨੇ

ਦੁਖ ਤੂੰ ਜਿਹੜੇ ਦਿਤੇ ਸੀ
ਮੈਂ ਹਸ ਹਸ ਕੇ ਸਭ ਜਰ ਲਏ ਨੇ

ਇਲਜ਼ਾਮ ਵੀ ਸਾਰੇ ਬਰਬਾਦੀ ਦੇ
ਸਿਰ ਆਪਣੇ ਤੇ ਧਰ ਲਏ ਨੇ

ਕਾਰਨ ਮੇਰੀ ਤਬਾਹੀ ਦਾ
ਨਾ ਬਣੇ ਤੇਰੀ ਰੁਸਵਾਈ ਏ

ਭਾਫ਼ ਮੈਂ ਆਪਣੀਆਂ ਆਹਾਂ ਦੀ
ਦਿਲ ਦੇ ਵਿਚ ਦਬਾਈ ਏ

ਮੈਂ ਤੁਰਿਆ ਵਕਤ ਜਵਾਨੀ ਦਾ
ਇਹ ਕਿਸਮਤ ਕਿਧਰ ਲੈ ਗਈ ਏ

ਸ਼ਾਮ ਬੁੜ੍ਹਾਪੇ ਦੀ ਯਾਰੋ
ਮੈਨੂੰ ਰਾਹ ਦੇ ਵਿਚ ਹੀ ਪੈ ਗਈ ਏ

ਦਿਨ ਢਲਿਆ ਸਧਰਾਂ ਲੋਚਾਂ ਦਾ
ਤੇ ਰਾਤ ਗਮਾਂ ਦੀ ਲਹਿ ਗਈ ਏ

ਹਾਏ ਪਿਆਰ ਦੀ ਮੰਜ਼ਿਲ ਲੱਭੀ ਨਾ
ਮੇਰੇ ਦਿਲ ਦੀ ਦਿਲ ਵਿਚ ਰਹਿ ਗਈ ਏ

ਦੁਨੀਆਂ ਵਿਚ ਐਸਾ ਕਿਹੜਾ ਹੈ
ਜਿਸ ਪਿਆਰ ਦੀ ਝੋਲੀ ਡਾਹੀ ਨਹੀਂ

ਇਹ ਗੱਲ ਵਖਰੀ ਹੈਗੀ ਏ
ਕਿ ਖੈਰ ਕਿਸੇ ਨੇ ਪਾਈ ਨਹੀਂ

ਆਖਰਕਾਰ ਮੈਂ ਅਪਣੇ ਹੀ
ਗ਼ਮ ਦਾ ਸਹਾਰਾ ਲੀਤਾ ਹੈ

ਦਿਲ ਦੀ ਪਿਆਸ ਬੁਝਾਵਣ ਨੂੰ
ਮੈਂ ਖ਼ੂਨ ਜਿਗਰ ਦਾ ਪੀਤਾ ਹੈ

ਕਦੀ ਮੈਂ ਦਾਮਨ ਸਧਰਾਂ ਦਾ
ਨਾਲ ਸਬਰ ਦੇ ਸੀਤਾ ਹੈ



Academy of the Punjab in North America: http://www.apnaorg.com

ਕਦੀ ਮੈਂ ਗੁਸੇ ਅੰਦਰ ਆ ਕੇ
ਲੀਰਾਂ ਲੀਰਾਂ ਕੀਤਾ ਹੈ

ਕੁਝ ਨਾ ਕੁਝ ਇਸ ਦੁਨੀਆਂ ਉਤੇ
ਹਰ ਕੋਈ ਕਰਦਾ ਰਹਿੰਦਾ ਹੈ

ਇਸ ਦਿਲ ਨੂੰ ਵੀ ਯਾਰੋ ਕਿਧਰੇ
ਆਹਰੇ ਲਾਉਣਾ ਪੈਂਦਾ ਹੈ ।

□



Academy of the Punjab in North America: http://www.apnaorg.com

## ਖ਼ੂਨ ਦਾ ਰੰਗ ਲਾਲ ਹੈ

ਬਾਗ ਨੂੰ ਹੈ ਅੱਗ ਲੱਗੀ ਫੁੱਲ ਸਾਰੇ ਸੜ ਗਏ
ਮਹਿਕ ਯਾਰੋ ਪਿਆਰ ਦੀ ਕਵਿਤਾ 'ਚ ਕਿਵੇਂ ਭਰਾਂ ਮੈਂ
ਮੇਰੇ ਚਾਰੋਂ ਪਾਸੇ ਅੱਗ ਦਾ ਹੀ ਸੇਕ ਹੈ
ਠੰਡੀ ਮਿਠੀ ਚਾਨਣੀ ਦਾ ਜ਼ਿਕਰ ਕਿਵੇਂ ਕਰਾਂ ਮੈਂ
ਫੜ ਕੇ ਪੱਥਰ ਹੱਥ ਵਿਚ ਲੋਕੀ ਖੜੇ ਨੇ ਦਰਾਂ ਵਿਚ
ਉਸ ਗਲੀ ਵਿਚ ਫੇਰ ਯਾਰੋ ਪੈਰ ਕਿਵੇਂ ਧਰਾਂ ਮੈਂ
ਦਿਲ ਤੇ ਮੇਰਾ ਦਿਲ ਸੀ ਪੱਥਰ ਤੇ ਬਣ ਸਕਿਆ ਨਾ ਏ
ਹੰਝੂਆਂ ਆਹਾਂ ਦਾ ਫਿਰ ਬੋਝ ਕਿਵੇਂ ਜਰਾਂ ਮੈਂ
ਹਿੰਦੂ, ਮੁਸਲਿਮ, ਸਿਖ ਜਾਂ ਇਸਾਈ ਸੀ ਦੋਸਤੋ
ਕਿਸ ਦਾ ਇਹ ਖ਼ੂਨ ਸੀ ਪਹਿਚਾਨਣਾ ਮੁਹਾਲ ਸੀ
ਇਕੋ ਹੀ ਤੱਤ ਦੇ ਬੰਦੇ ਬਣਾਏ ਰੱਬ ਨੇ
ਸੜਕ 'ਤੇ ਜੋ ਖ਼ੂਨ ਡੁਲ੍ਹਿਆ ਰੰਗ ਉਸ ਦਾ ਲਾਲ ਸੀ
ਨਾ ਕੋਈ ਮਜ਼ਹਬ ਬੁਰਾ ਹੈ ਨਾ ਕੋਈ ਬੁਰਾ ਹੈ ਆਦਮੀ
ਜੋ ਬੁਰਾ ਸਮਝੇ ਕਿਸੇ ਨੂੰ ਉਹ ਬੁਰਾ ਇਨਸਾਨ ਹੈ
ਨਫ਼ਰਤ ਦੇ ਨਾਲ ਤੇ ਅਪਣੇ ਪਰਾਏ ਹੋ ਗਏ
ਪਿਆਰ ਦੀ ਘੋਰ ਨਜ਼ਰ ਤੇ ਸਭ ਦੀ ਇਕੋ ਜਾਨ ਹੈ ।

□



Academy of the Punjab in North America: http://www.apnaorg.com

## ਹੰਝੂ

ਸੁਕ ਗਏ ਕਈ ਗੱਲ੍ਹਾਂ ਉਤੇ
ਕਈ ਮਿੱਟੀ ਵਿਚ ਰੁਲ ਗਏ ਨੇ

ਏਡੀ ਦੇਖ ਬੇਕਦਰੀ ਹੁੰਦੀ
ਕਈ ਅੱਖਾਂ ਵਿਚ ਘੁਲ ਗਏ ਨੇ

ਕਈ ਅੱਖਾਂ ਦੇ ਤਾਰੇ ਬਣ ਕੇ
ਅੱਖਾਂ ਦੇ ਵਿਚ ਫਿਰਦੇ ਨੇ

ਦੇਖਣ ਰਾਹ ਕਿਸੇ ਦਾ ਇਹੋ
ਤਾਈਉਂ ਨਾ ਇਹ ਕਿਰਦੇ ਨੇ

ਜਿਹੜੇ ਹੰਝੂ ਇਸ ਦੁਨੀਆਂ ਤੇ
ਪਿਆਰ ਦੀ ਛੁਹ ਤੋਂ ਰਹਿ ਗਏ ਨੇ

ਉਹ ਹੀ ਖਾਰਾ ਪਾਣੀ ਬਣ ਕੇ
ਆਪ ਮੁਹਾਰੇ ਬਹਿ ਗਏ ਨੇ

ਉਹ ਹੰਝੂ ਨੇ ਕਰਮਾ ਵਾਲੇ
ਭਾਗ ਉਹਨਾਂ ਦੇ ਖਿਲਦੇ ਨੇ



Academy of the Punjab in North America: http://www.apnaorg.com

ਜੋ ਅੱਖਾਂ ਤੋਂ ਬਾਹਰ ਆ ਕੇ
ਬੁੱਲ੍ਹਾਂ ਤੇ ਆ ਮਿਲਦੇ ਨੇ

ਕਈ ਅੱਖਾਂ ਤੋਂ ਬਾਹਰ ਆ ਕੇ
ਅੱਖਾਂ ਤੇ ਆ ਬਹਿੰਦੇ ਨੇ

ਉਹਨਾਂ ਹੰਝੂਆਂ ਦਾ ਏ ਯਾਰੋ
ਸਾਰੇ ਨਖਰਾ ਸਹਿੰਦੇ ਨੇ

ਤੂੰ ਮੇਰੀਆਂ ਅੱਖਾਂ ਦਾ ਤਾਰਾ
ਕਹਿਣ ਨੂੰ ਸਾਰੇ ਕਹਿੰਦੇ ਨੇ

ਪਰ ਉਹ ਕਿਸਮਤ ਵਾਲੇ ਹੁੰਦੇ
ਜੋ ਅੱਖਾਂ ਵਿਚ ਰਹਿੰਦੇ ਨੇ

ਗ਼ਮ ਦਾ ਬੋਝ ਜਦੋਂ ਯਾਰੋ
ਦਿਲ ਤੋਂ ਸਿਹਾ ਨਾ ਜਾਂਦਾ ਏ

ਹੰਝੂਆਂ ਦਾ ਵੀ ਹੜ੍ਹ ਆਕੇ
ਨਾ ਉਸ ਨੂੰ ਪਰ੍ਹਾਂ ਹਟਾਉਂਦਾ ਏ

ਉਸ ਥਾਂ ਉਤੇ ਆ ਕੇ ਯਾਰੋ
ਹੰਝੂ ਵੀ ਰੋ ਪੈਂਦੇ ਨੇ

ਬਣ ਕੇ ਲਹੂ ਅੱਖਾਂ 'ਚੋਂ ਟਪਕਣ
ਇਹ ਹਾਲਤ ਕਰ ਲੈਂਦੇ ਨੇ

ਬੰਦ ਅੱਖਾਂ ਦੀ ਭੱਠੀ ਅੰਦਰ
ਕੁਝ ਐਸੇ ਬਣ ਜਾਂਦੇ ਨੇ

ਲੈਕੇ ਸੇਕ ਆਹਾਂ ਦਾ ਉਹੋ
ਪਿਘਲ ਕੇ ਬਾਹਰ ਆਉਂਦੇ ਨੇ

ਬਚ ਕੇ ਰਹੀਂ ਉਹਨਾ ਦੇ ਕੋਲੋਂ
ਕਰ ਨਾ ਦੇਣ ਸਵਾਹ ਉਹੋ

ਡਿਗ ਪੈਂਦੇ ਨੇ ਜਿਸ ਥਾਂ ਉਤੇ
ਅੱਗ ਦੇਂਦੇ ਨੇ ਲਾ ਉਹੋ

ਕੁਝ ਐਸੇ ਵੀ ਦੁਨੀਆਂ ਅੰਦਰ
ਹੱਸ ਹੱਸ ਕੇ ਜੋ ਰੋਂਦੇ ਨੇ



Academy of the Punjab in North America: http://www.apnaorg.com

ਉਹਨਾਂ ਦੀਆਂ ਅੱਖਾਂ ਵਿਚ ਯਾਰੋ
ਹੰਝੂ ਕਦੇ ਨਹੀਂ ਹੁੰਦੇ ਨੇ
ਸ਼ਿਕਵਾ ਗਿਲਾ ਕਦੇ ਨਹੀਂ ਕਰਦੇ
ਚੁਪ ਦਾ ਤਾਲਾ ਲਾ ਲੈਂਦੇ
'ਕਿਦਾਰ' ਉਹ ਪੀ ਹੰਝੂ ਆਪਣੇ
ਦਿਲ ਦੀ ਪਿਆਸ ਬੁਝਾ ਲੈਂਦੇ

□



Academy of the Punjab in North America: http://www.apnaorg.com

## ਯਾਦ

ਸੱਤ ਸਮੁੰਦਰ ਪਾਰ ਆ ਕੇ
ਜਦ ਮੈਂ ਦਿੱਤੀ ਦਸਤਕ
ਬੂਹਾ ਖੋਲ੍ਹ ਕੇ ਯਾਦ ਤੇਰੀ ਨੇ
ਕੀਤਾ ਮੇਰਾ ਸੁਆਗਤ
ਮੈਂ ਪਿਛੋਂ ਉਹ ਪਹਿਲਾਂ ਟੁਰ ਆਈ
ਖੰਭ ਇਸ਼ਕ ਦੇ ਲਾ ਕੇ
ਹੋਈ ਨਾ ਤਸੱਲੀ ਉਸਨੂੰ
ਮੇਰੀ ਤਸੱਲੀ ਪਾ ਕੇ
ਰੋਕ ਨਾ ਸਕਿਆ ਉਸ ਨੂੰ ਮੈਂ
ਕਈ ਯਤਨ ਬਣਾਏ
ਬੇਵਫ਼ਾਈ, ਖ਼ੁਦਗਰਜ਼ੀ ਦੇ
ਰੋੜੇ ਕਈ ਅਟਕਾਏ
ਕਿਸੇ ਦੇ ਕੋਲੋਂ ਪੁਛਿਆ ਨਾ
ਉਸ ਮੇਰਾ ਪਤਾ ਟਿਕਾਣਾ
ਅੰਗ ਅੰਗ ਤੇ ਲਿਖਿਆ ਸੀ
ਉਸ ਮੇਰਾ ਹੀ ਸਿਰਨਾਵਾਂ ।

□



Academy of the Punjab in North America: http://www.apnaorg.com

## ਅਣਜੋੜ

ਸੁਟ ਦਿਉ ਨੀ ਖੂਹ ਵਿਚ ਮੈਨੂੰ
ਪੱਥਰ ਰੱਖ ਕੇ ਭਾਰਾ ਨੀ

ਮਰ ਕੇ ਵੀ ਜਜ਼ਬਾਤ ਨਾ ਉਠਣ
ਐਸਾ ਕਰੋ ਕੋਈ ਚਾਰਾ ਨੀ

ਦੇ ਦਿਉ ਧੱਕਾ ਵਿਚ ਦਰਿਆ ਦੇ
ਦੇਖ ਕੇ ਗਹਿਰਾ ਪਾਣੀ ਨੀ

ਦੂਰ ਕਿਤੇ ਇਹ ਰੁੜ੍ਹ ਜਾਵੇ
ਮੇਰੀ ਜ਼ਿੰਦ ਨਿਮਾਣੀ ਨੀ

ਘੁਟ ਦਿਉ ਗਲ ਮੇਰਾ ਅੜੀਓ
ਪਾ ਸਮਾਜ ਦੀ ਫਾਹੀ ਨੀ

ਦੱਬ ਦਿਓ ਫਿਰ ਮੈਨੂੰ ਲੋਕੋ
ਡੂੰਘੀ ਪੁਟ ਕੇ ਖਾਈ ਨੀ

ਚੰਗਾ ਹੁੰਦਾ ਗੁੱਡੀਆਂ ਵੇਲੇ
ਕਿਧਰੇ ਮਰ ਮੁਕ ਜਾਂਦੀ



Academy of the Punjab in North America: http://www.apnaorg.com

ਟੱਪ ਲਕੀਰ ਜਵਾਨੀ ਦੀ
ਜਾਂ ਵਿਚ ਬੁੜ੍ਹਾਪੇ ਆ ਜਾਂਦੀ

ਨਜ਼ਰ ਮੇਰੀ ਹੀ ਮੈਨੂੰ ਅੜੀਓ
ਹਾਏ ਕਿਧਰੇ ਖਾ ਜਾਂਦੀ

ਜਾਂ ਫਿਰ ਕਿਸੇ ਅਭਾਗਨ ਦੀ
ਆਈ ਮੈਨੂੰ ਆ ਜਾਂਦੀ

ਚੰਗਾ ਹੁੰਦਾ ਜਾਂ ਮੈਂ ਕਿਧਰੇ
ਧਰਤੀ ਵਿਚ ਸਮਾਅ ਜਾਂਦੀ

ਜਾਂ ਫਿਰ ਆਪਣੀ ਅੱਗ ਦੇ ਅੰਦਰ
ਸੜ ਕੇ ਹੋ ਸੁਆਹ ਜਾਂਦੀ

ਕਦੀ ਸੁਹਾਗਨ ਮੈਂ ਨਹੀਂ ਬਣਾਨ
ਜਦ ਇਹ ਲੇਖ ਲਿਖਾਇਆ ਸੀ

ਫਿਰ ਜਵਾਨੀ ਦਾ ਇਹ ਸਾਲੂ
ਮੇਚ ਮੇਰੇ ਕਿਉਂ ਆਇਆ ਸੀ

ਲਗੀ ਅੱਗ ਸੀਨੇ ਦੇ ਅੰਦਰ
ਕਦੀ ਨਾ ਉਸ ਬੁਝਾਈ ਸੀ

ਹਿਜਰ ਦਾ ਡਾਹ ਕੇ ਬਾਲਣ ਉਸ ਨੇ
ਹੋਰ ਸਗੋਂ ਭੜਕਾਈ ਸੀ

ਹੱਡ ਬੁੜਾਪੇ ਦੇ ਉਸ ਸੇਕੇ
ਲੈ ਕੇ ਤਪਸ਼ ਜਵਾਨੀ ਦੀ

ਕੀ ਗੁਜ਼ਰੀ ਹੈ ਇਸ ਦਿਲ ਉਤੇ
ਬਾਤ ਨਾ ਪੁਛੀ ਨਿਮਾਣੀ ਦੀ

ਬੰਨ੍ਹ ਦਿਤਾ ਇਕ ਥੰਮ ਨਾਲ ਮੈਨੂੰ
ਹੱਕ ਦੀਆਂ ਪਾ ਜ਼ੰਜ਼ੀਰਾਂ ਉਸ

ਦੇ ਕੇ ਦੋਸ਼ ਕਿਸਮਤ ਨੂੰ ਮੇਰੀ
ਹੱਥੀਂ ਲਿਖੀਆਂ ਤਕਦੀਰਾਂ ਉਸ

ਮੇਰੀ ਮਰਜ਼ੀ ਮਰਜ਼ੀ ਕਾਹਦੀ
ਉਹਦੀ ਮਰਜ਼ੀ ਚਲਦੀ ਸੀ



Academy of the Punjab in North America: http://www.apnaorg.com

ਉਹਦੇ ਰਹਿਮ ਕਰਮ ਦੇ ਉਤੇ
ਮੇਰੀ ਦੁਨੀਆਂ ਪਲਦੀ ਸੀ

ਆਈ ਰਾਤ ਗਮਾਂ ਦੀ ਕਾਲੀ
ਮੈਂ ਆਸ ਦੇ ਦੀਪ ਬੁਝਾ ਦਿਤੇ

ਮੈਂ ਗਾ ਕੇ ਲੋਰੀ ਹਉਕਿਆਂ ਦੀ
ਜਾਗੇ ਅਰਮਾਨ ਸੁਲਾ ਦਿਤੇ

ਮੇਰੀਆਂ ਖੁਸ਼ੀਆਂ ਦਾ ਇਹ ਸੂਰਜ
ਨਿਕਲਿਆ ਬੜੇ ਕੁਵੇਲੇ ਸੀ

ਚੜ੍ਹਦੇ ਸਾਰ ਗ੍ਰਹਿਣ ਲੱਗਾ
ਛੁਪ ਗਿਆ ਦਿਨ ਵੇਲੇ ਸੀ

ਮੈਂ ਤਾਂ ਉਹ ਫੁੱਲ ਹਾਂ ਅੜੀਓ
ਠੂੰਗ ਲਿਆ ਜਿੰਸਨੂੰ ਕਾਗਾਂ ਸੀ

ਪੱਤੀ ਪੱਤੀ ਹੋ ਕੇ ਮੇਰੀ
ਖਿਲਰ ਗਈ ਵਿਚ ਬਾਗਾਂ ਸੀ

ਪਾਕੇ ਫਾਲ ਨਜੂਮੀ ਥਕੇ
ਸੁਲਝਾਈ ਗਈ ਨਾ ਗਥੀ ਏ

ਤਿੜਕ ਗਈਆਂ ਮਥੇ ਦੀਆਂ ਲੀਕਾਂ
ਐਸੀ ਕਿਸਮਤ ਰੁਠੀ ਏ

ਦਰਦ ਜਰਾ ਸੀ ਹਲਕਾ ਹੋਇਆ
ਜ਼ਖ਼ਮ ਜਿਗਰ ਜੋ ਝੱਲੇ ਸੀ

ਪਰ ਯਾਦਾਂ ਨੇ ਛਿਲ ਦਿਤੇ ਸਨ
ਜ਼ਖ਼ਮ ਜੋ ਦਿਲ ਦੇ ਅੱਲੇ ਸੀ

ਦਿਲ ਦੀ ਫੱਟੀ ਉੱਤੇ ਜੋ ਮੈਂ
ਪਿਆਰ ਦੇ ਪੂਰਨੇ ਪਾਏ ਸੀ

ਹੰਝੂਆਂ ਨਾਲ ਧੋਕੇ ਅਜ ਮੈਂ
ਹੱਥੀਂ ਪੋਚੇ ਪਾਏ ਸੀ

ਆਖਰ ਮੇਰੀ ਸਬਰ ਦੀ ਥੰਮੀ
ਡਿੱਗੀ ਬਾਹਰ ਜਾ ਕੇ



Academy of the Punjab in North America: http://www.apnaorg.com

ਮਿੱਧੀ ਗਈ ਸਧਰਾਂ ਦੀ ਵੇਲ
ਪੈਰਾਂ ਥੱਲੇ ਆ ਕੇ
ਐਸੀ ਗਈ ਲਿਤਾੜੀ ਅੜੀਓ
ਫਿਰ ਨਾ ਇਹ ਖਲੋਈ
ਕਿਦਾਰ ਨਾ ਪੁਛੋ ਮੇਰੇ ਕੋਲੋਂ
ਜੋ ਹਾਲਤ ਸੀ ਹੋਈ ।

□



Academy of the Punjab in North America: http://www.apnaorg.com

## ਪਿਆਰ

ਪਿਆਰ ਤੂੰ ਜਿਸ ਨੂੰ ਕਹਿਨਾ ਏਂ
ਤੇਰੇ ਸਾਮ੍ਹਣੇ ਜੇ ਕਰ ਆ ਜਾਵੇ

ਤੇਰਾ ਵਸ ਚਲੇ ਤੇ ਤੂੰ ਉਸਨੂੰ
ਨਜ਼ਰਾਂ ਦੇ ਨਾਲ ਹੀ ਖਾ ਜਾਵੇਂ

ਉਹਨੂੰ ਦੇਖ ਕੇ ਬਣੇ ਸ਼ਰਾਬੀ ਤੂੰ
ਤੇਰੇ ਜ਼ਿਹਨ ਵਿਚ ਮਸਤੀ ਛਾ ਜਾਵੇ

ਤੂੰ ਲਾਕੇ ਮੂੰਹ ਦੇ ਨਾਲ ਉਹਨੂੰ
ਇਕ ਡੀਕ ਦੇ ਨਾਲ ਮੁਕਾ ਜਾਵੇਂ

ਤੂੰ ਕੀ ਸਮਝੇ ਤੂੰ ਕੀ ਜਾਣੇ
ਉਹ ਪ੍ਰੇਮੀ ਆਪ ਸਮਝਦੇ ਨੇ

ਤੂੰ ਫਲ ਤੋੜਣ ਦੀ ਗੱਲ ਕਰਦਾ
ਉਹ ਛੂਹਣਾ ਪਾਪ ਸਮਝਦੇ ਨੇ

ਕੋਈ ਘੋਲ ਕੇ ਹੁਸਨ ਜਵਾਨੀ ਨੂੰ
ਤੇਰਾ ਜਾਮ ਹਵਸ ਦਾ ਭਰ ਦੇਵੇ



Academy of the Punjab in North America: http://www.apnaorg.com

ਤੇਰੇ ਦਿਲ ਦੀ ਪਿਆਸ ਬੁਝਾਵਣ ਨੂੰ
ਬੁੱਲ੍ਹਾਂ ਤੇ ਬੁੱਲ ਕੋਈ ਧਰ ਦੇਵੇ

ਕੋਈ ਹੁਸਨ ਦੀ ਦਾਵਤ ਦੇਣ ਲਈ
ਆ ਦਸਤਕ ਤੇਰੇ ਦਰ ਦੇਵੇ

ਤੇਰੇ ਪਿਆਰ ਦੇ ਅੰਦਰ ਆ ਕੇ ਫਿਰ
ਤੇਰੇ ਭੇਂਟ ਉਹ ਸਭ ਕੁਝ ਕਰ ਦੇਵੇ

ਇਹੋ ਹੀ ਹੈ ਜੇ ਪਿਆਰ ਤੇਰਾ
ਤੂੰ ਪਿਆਰ ਇਸ ਨੂੰ ਕਹਿਨਾ ਏਂ

ਫਿਰ ਬਦਲ ਕੇ ਰਖ ਦੇ ਨਾਂ ਇਹਦਾ
ਕਿਉਂ ਨਾਂ ਪਿਆਰ ਦਾ ਲੈਂਦਾ ਏਂ

ਤੇਰੇ ਜਾਲ ਵਿਚ ਕਿਵੇਂ ਫਸੀ ਰਹੇ
ਇਹ ਸੋਚਾਂ ਹਰ ਦਮ ਸੋਚਦਾ ਏਂ

ਦੇਖਣ ਨੂੰ ਨੰਗਾਪਨ ਉਹਦਾ
ਤੇਰਾ ਹਰ ਵੇਲੇ ਦਿਲ ਲੋਚਦਾ ਏਂ

ਕਦੀ ਬਣ ਕੇ ਭੁੱਖਾ ਭੇੜੀਆ ਤੂੰ
ਉਹਨੂੰ ਆਕੇ ਝਟ ਦਬੋਚਦਾ ਏਂ

ਕਦੀ ਹਵਸ ਵਿਚ ਹੋ ਕੇ ਅੰਨਾ ਤੂੰ
ਉਹਦੀ ਬੋਟੀ ਬੋਟੀ ਨੋਚਦਾ ਏਂ

ਇਹ ਪਿਆਰ ਨਹੀਂ ਇਕ ਕਬਜ਼ਾ ਹੈ
ਜੋ ਉਸ ਤੇ ਜਮਾਉਣਾ ਚਾਹੁੰਦਾ ਏਂ

ਕਠਪੁਤਲੀ ਦੇ ਵਾਂਗੂ ਤੂੰ
ਮਰਜ਼ੀ ਤੇ ਨਚਾਉਣਾ ਚਾਹੁੰਦਾ ਏਂ

ਪਿਆਰ ਕਰਨ ਦਾ ਦੁਨੀਆਂ ਉਤੇ
ਜੋ ਦਮ ਲੋਕੀਂ ਭਰਦੇ ਨੇ

ਤਸਵੀਰ ਬਣਾ ਕੇ ਯਾਦਾਂ ਦੀ
ਉਹ ਦਿਲ ਦੇ ਅੰਦਰ ਧਰਦੇ ਨੇ

ਉਹਦੀਆਂ ਖੁਸ਼ੀਆਂ ਦੇ ਵਿਚ ਖੁਸ਼ ਰਹਿੰਦੇ
ਉਹਦੀਆਂ ਖੁਸ਼ੀਆਂ ਪਿਛੇ ਮਰਦੇ ਨੇ



Academy of the Punjab in North America: http://www.apnaorg.com

ਸੂਲੀ ਵੀ ਹਸ ਕੇ ਚੜ ਜਾਂਦੇ
ਪਰ ਸੀ ਨਾ ਮੂੰਹੋਂ ਕਰਦੇ ਨੇ
ਪਿਆਰ ਕਰੋ ਏ ਦੁਨੀਆਂ ਵਾਲੋ
ਪਿਆਰ ਨਾ ਬਣੇ ਸੁਆਲੀ ਹੈ
ਪਿਆਰ ਕਰਨ ਵਾਲੇ ਦੀ ਯਾਰੋ
ਝੋਲ ਹਮੇਸ਼ਾਂ ਖਾਲੀ ਹੈ ।

□



Academy of the Punjab in North America: http://www.apnaorg.com

## ਗਿਲਾ

ਕਿਸਮਤ ਸੀ ਮੇਰੀ ਜਾਂ ਆਦਤ ਸੀ ਤੇਰੀ
ਜਾਂ ਧੋਖਾ ਮੈਂ ਖਾਧਾ ਸੀ ਤਿਰਸ਼ੀ ਨਜ਼ਰ ਦਾ

ਤੂੰ ਪਿਆਰ ਨੂੰ ਦਿਲ ਲਗੀ ਸਮਝਿਆ ਸੀ
ਮੈਂ ਰੋਗ ਲਾਇਆ ਸੀ ਸਾਰੀ ਉਮਰ ਦਾ

ਖਾਧੀ ਹੋਈ ਚੋਟ ਸੀਨੇ ਚੋ ਹੁੰਦੀ
ਏਵੇਂ ਨਹੀਂ ਦਰਦ ਦਿਲ ਦਾ ਉਭਰਦਾ

ਓਹ ਵਿਰਲਾ ਹੀ ਹੁੰਦਾ ਕੋਈ ਕਰਮਾਂ ਵਾਲਾ
ਜਿਹੜਾ ਕਿਸੇ ਦੇ ਕੋਈ ਦਿਲ 'ਚ ਉਤਰਦਾ

ਨਹੀਂ ਜ਼ੋਰ ਚਲਦਾ ਹੈ ਪਿਆਰ ਅੰਦਰ
ਮੈਂ ਮੰਨਦਾ ਕਿਸੇ ਨੇ ਸਚ ਇਹ ਕਿਹਾ ਸੀ

ਮੇਰਾ ਗਿਲਾ ਸਿਰਫ ਏਨਾ ਸੀ ਦੋਸਤ
ਕਿ ਪਹਿਲੇ ਜਿਹਾ ਤੂੰ ਹੁਣ ਨਹੀਂ ਰਿਹਾ ਸੀ

ਮੇਰਾ ਹਰ ਕਦਮ ਉਹਦੀ ਰਾਹ ਉਤੇ ਉਠਿਆ
ਮਿਲਣ ਲਈ ਅਰਮਾਨ ਮਚਲਦੇ ਰਹੇ ਸੀ



Academy of the Punjab in North America: http://www.apnaorg.com

ਕੀ ਦੋਸ਼ ਮੇਰਾ ਜੇ ਮੰਜ਼ਿਲ ਨਾ ਪਾਈ
ਠਿਕਾਣੇ ਹੀ ਤੇਰੇ ਬਦਲਦੇ ਰਹੇ ਸੀ

ਦਿਵਾਨਾ ਨਾ ਕੋਈ ਕਹੇ ਮੈਨੂੰ ਤੇਰਾ
ਇਹ ਖਿਆਲ ਦਿਲ ਵਿਚ ਪਲਮਦੇ ਰਹੇ ਸੀ

ਮੈਂ ਹਸਦਾ ਰਿਹਾ ਤਾਹੀਓਂ ਲੋਕਾਂ ਦੇ ਅਗੇ
ਅੱਖਾਂ 'ਚ ਹੰਝੂ ਸੁਲਗਦੇ ਰਹੇ ਸੀ

ਇਹ ਹੰਝੂ ਇਹ ਆਹਾਂ ਇਹ ਘੁਲ ਘੁਲ ਕੇ ਮਰਨਾ
ਏ ਦੌਲਤ ਜੋ ਮੈਨੂੰ ਤੈਥੋਂ ਮਿਲੀ ਸੀ

ਇਹਨੇ ਸਾਥ ਦਿਤਾ ਉਮਰ ਭਰ ਸੀ ਮੇਰਾ
ਇਹਨੇ ਬੇਵਫਾਈ ਨਾ ਕੀਤੀ ਕਦੀ ਸੀ

ਮੈਂ ਸਜਦਾ ਤੇ ਕੀਤਾ ਕਦੀ ਇਹ ਨਾ ਡਿੱਠਾ
ਤੇਰਾ ਦਰ ਬੰਦ ਜਾਂ ਖੁਲ੍ਹਾ ਤੇਰਾ ਦਰ ਸੀ

ਖੁਸ਼ਬੂ ਆਈ ਮੈਨੂੰ ਜਿਸ ਜਗਾ ਤੋਂ
ਮੈਂ ਸਮਝਿਆ ਉਹ ਤੇਰਾ ਰਾਹ ਗੁਜ਼ਰ ਸੀ

ਮੇਰੇ ਕੋਲ ਕੁਝ ਵੀ ਨਹੀਂ ਮੇਰਾ ਆਪਣਾ
ਦਿਲੋਂ ਜਾਨ ਸਭ ਕੁਝ ਤੇਰੀ ਨਜ਼ਰ ਸੀ

ਉਮਰ ਸਾਰੀ ਬੀਤੀ ਪਰ ਮੰਜ਼ਿਲ ਨਾ ਪਾਈ
ਮੇਰੇ ਪਿਆਰ ਦਾ ਇਹ ਅਧੂਰਾ ਸਫ਼ਰ ਸੀ

ਤੇਰੀ ਭਾਲ ਜਾਰੀ ਮੈਂ ਰਖਾਂਗਾ ਦੋਸਤ
ਜਦੋਂ ਤਕ ਇਨ੍ਹਾਂ ਅੱਖਾਂ ਵਿਚ ਦਮ ਹੈ

ਗੁਜ਼ਰੀ ਉਮਰ ਤੇਰੇ ਗ਼ਮ ਦੇ ਸਹਾਰੇ
ਅਹਿਸਾਨ ਤੇਰਾ ਇਹ ਮੇਰੇ ਤੇ ਕਮ ਹੈ

ਸੁਨੇਹਾ ਭੇਜਣ ਦੀ ਕੀ ਲੋੜ ਮੈਨੂੰ
ਤੇਰੀ ਹਰ ਅਦਾ ਨੂੰ ਮੈਂ ਜਾਣਦਾ ਸੀ

ਮੇਰੇ ਦਿਲ ਦੀ ਧੜਕਣ ਤੋਂ ਹੀ ਮੈਨੂੰ
ਪਤਾ ਲਗ ਜਾਂਦਾ ਤੇਰੇ ਆਣ ਦਾ ਸੀ

ਕਸਮ ਤੋੜ ਕੇ ਆ ਜਾਵੇਂ ਤੂੰ ਇਕ ਦਿਨ
ਹੁਣ ਕੀਤਾ ਇਰਾਦਾ ਮੈਂ ਮਰ ਜਾਣ ਦਾ ਸੀ



Academy of the Punjab in North America: http://www.apnaorg.com

ਘੜੀ ਆਖਰੀ ਏ ਤੂੰ ਕੀ ਸੋਚਦਾ ਏਂ
ਇਹ ਵੇਲਾ ਨਹੀਂ ਤੇਰੇ ਸ਼ਰਮਾਉਣ ਦਾ ਸੀ
ਬਿਰਹਾ ਦੀ ਅੱਗ ਵਿਚ ਰਹੇ ਯਾਰੋ ਸੜਦੇ
ਮਿਲਣ ਦੀ ਘੜੀ ਨਾ 'ਕਿਦਾਰ' ਆਈ
ਰਹੀ ਉਮਰ ਭਰ ਝੋਲੀ ਖਾਲੀ ਦੀ ਖਾਲੀ
ਕਿਸੇ ਪਿਆਰ ਦੀ ਯਾਰੋ ਭਿਖਿਆ ਨਾ ਪਾਈ ।

□



Academy of the Punjab in North America: http://www.apnaorg.com

## ਉਡੀਕ

ਰੁਤ ਸਾਵਣ ਦੀ ਜਦ ਵੀ ਆਏ
ਪਿਛਲੀ ਮੈਨੂੰ ਯਾਦ ਸਤਾਏ

ਅੱਖਾਂ ਮੋਹਰੇ ਜਦ ਆਣ ਨਜ਼ਾਰੇ
ਦਿਲ ਮੇਰੇ ਤੇ ਚਲਣ ਆਰੇ

ਚੌਂਹ ਪਾਸਿਓਂ ਬੱਦਲ ਛਾ ਜਾਣ
ਦਿਨ ਨੇ ਸ਼ਾਮ ਦਾ ਰੰਗ ਵਟਾਣਾ

ਕਿਤੇ ਬਿਜਲੀ ਦੇ ਲਿਸ਼ਕਾਰੇ
ਕਿਤੇ ਕੋਇਲ ਪਈ ਕੂਕਾਂ ਮਾਰੇ

ਕਿਤੇ ਹਸਦੇ ਫੁੱਲ ਗੁਲਾਬੀ
ਹਰੇ ਪੀਲੇ ਲਾਲ ਅਨਾਭੀ

ਕਿਤੇ ਤਰੇਲ ਵਿਚ ਨਹਾ ਕੇ ਕਲੀਆਂ
ਰਾਹ ਦੇਖਣ ਸਾਜਨ ਦਾ ਖਲੀਆਂ

ਜਾਂ ਚਿਟੀਆਂ ਬਰਫਾਂ ਦੀਆਂ ਡਲੀਆਂ
ਜਾਂ ਉਤਰ ਆਈਆਂ ਅਸਮਾਨੋਂ ਪਰੀਆਂ



Academy of the Punjab in North America: http://www.apnaorg.com

ਐਸਾ ਬਰਸਾਤ ਨੇ ਰੰਗ ਜਮਾਇਆ
ਹਰ ਸ਼ੈਅ ਉਤੇ ਜੋਬਨ ਆਇਆ

ਕਿਤੇ ਕੁੜੀਆਂ ਨੇ ਝੁਰਮਟ ਪਾਉਣਾ
ਇਕ ਦੂਜੀ ਨੂੰ ਸੱਦ ਲਿਆਉਣਾ

ਕਹੇ ਸੁਰਿੰਦਰਾਂ ਸ਼ਾਮੋਂ ਤਾਈਂ
ਕਮਲਾ ਨੂੰ ਨਾਲ ਲਿਆਈਂ

ਫਿਰ ਉਚੀ ਪੀਂਘ ਚੜ੍ਹਾਵਣ ਕੁੜੀਆਂ
ਜਿਵੇਂ ਅਸਮਾਨੀ ਉਡਣ ਪਰੀਆਂ

ਜਿਦੋਂ-ਜਿੱਦੀ ਉਹ ਪੀਂਘ ਚੜ੍ਹਾਵਣ
ਨਾਲੇ ਗੀਤ ਖੁਸ਼ੀ ਦੇ ਗਾਵਣ

ਹਵਾ ਨੇ ਚੁਕ ਚੁਕ ਕਪੜਾ ਲਾਹੁਣਾ
ਅੱਲੜ੍ਹ ਜੋਬਨ ਡੁਲ੍ਹ ਡੁਲ੍ਹ ਪੈਣਾ

ਪਰ ਕੋਈ ਪੀਆ ਦੀ ਯਾਦ ਵਿਚ ਬੈਠੀ
ਅੱਖੀਆਂ ਗਾਲੇ ਕਰਮਾ ਸੇਤੀ

ਔਸੀਆਂ ਪਾਵੇ ਕਾਗ ਉਡਾਵੇ
ਚਿੱਠੀਆਂ ਲਿਖ ਮ ਹੀ ਵਲ ਪਾਵੇ

ਛੁੱਟੀ ਲੈਕੇ ਆ ਜਾ ਛੇਤੀ
ਰੁਤ ਸਾਵਣ ਦੀ ਜਾਏ ਬੀਤੀ

ਕਿਹੜਾ ਤੇਰਾ ਅਫਸਰ ਅੜਿਆ
ਜਿਹਦਾ ਮਨ ਪੱਥਰ ਦਾ ਘੜਿਆ

ਜਾਂ ਹੋਣਾ ਉਹ ਅਜੇ ਕੁਆਰਾ
ਜਾਂ ਰੰਡਾ ਹੋਊ ਕਰਮਾਂ ਮਾਰਾ

ਪ੍ਰੀਤ ਦੀ ਸਾਰ ਨਾ ਜਾਣੇ ਤਾਹੀਓਂ
ਗੱਲ ਕਿਸੇ ਦੀ ਮੰਨੇ ਨਾਹੀਓਂ

ਜੇ ਮੋਇਆ ਉਹ ਜਿੱਦ ਵਿਚ ਅੜ੍ਹਿਆ
ਤੂੰ ਨਾਂ ਕਟਾ ਕੇ ਆ ਜਾ ਅੜਿਆ

ਖਸਮਾਂ ਨੂੰ ਇਹ ਨੌਕਰੀ ਖਾਂਦੀ
ਜਿਹੜੀ ਵਿਚ ਜੁਦਾਈਆਂ ਪਾਉਂਦੀ



Academy of the Punjab in North America: http://www.apnaorg.com

ਕੌਲ ਹੋਵੇਗਾ ਮੇਰਾ ਪਿਆਰਾ
ਮੈਂ ਭੁੱਖੀ ਰਹਿ ਕੇ ਕਰੂੰ ਗੁਜ਼ਾਰਾ

ਪਰ ਬਿਨ ਤੇਰੇ ਰਹਿ ਨਾ ਸਕਾਂ
ਗ਼ਮ ਹਿਜ਼ਰ ਦੇ ਸਹਿ ਨਾ ਸਕਾਂ

ਜੇ ਦਿਤਾ ਤੂੰ ਆਪ ਵਿਸਾਰ
ਕਿਉਂ ਕੀਤੇ ਸੀ ਕੌਲ ਕਰਾਰ

ਕਿਉਂ ਸੀ ਮੇਰੀ ਦੁਨੀਆਂ ਵਿਚ ਆਇਆ
ਕਿਉਂ ਸੀ ਮੇਰੇ ਮਨ ਤੇ ਛਾਇਆ

ਕਿਉਂ ਸੀ ਪ੍ਰੇਮ ਦਾ ਰੋਗ ਲਗਾਇਆ
ਕਿਉਂ ਸੀ ਪਿਆਰ ਦਾ ਸਵਾਂਗ ਰਚਾਇਆ

ਜਾਂ ਕਿਸੇ ਤਤੜੀ ਨੇ ਜਾਦੂ ਪਾਇਆ
ਤਾਹੀਓਂ ਮੇਰਾ ਖਿਆਲ ਭੁਲਾਇਆ

ਝੂਠੀ ਮੂਠੀ ਚਮਕ ਦਿਖਾ ਕੇ
ਤੇਰੇ ਉਤੇ ਜਾਦੂ ਪਾਕੇ

ਤੈਨੂੰ ਲਿਆ ਭਰਮਾ ਨਾ ਹੋਵੇ
ਅਪਨਾ ਲਿਆ ਬਣਾ ਨਾ ਹੋਵੇ

ਦੇਖੀਂ ਕਿਧਰੇ ਭੁਲ ਨਾ ਜਾਵੀਂ
ਝੂਠੇ ਮੋਹ ਤੇ ਡੁਲ੍ਹ ਨਾ ਜਾਵੀਂ

ਇਕ ਪਲ ਵੀ ਹੁਣ ਠਹਿਰ ਨਾ ਏਥੇ
ਛੇਤੀ ਚੰਨਾ ਮਿਲੀ ਤੂੰ ਉਥੇ

ਜਿਥੇ ਇਕੱਠੇ ਰੋਜ਼ ਸੀ ਮਿਲਦੇ
ਹਾਲ ਸੁਣਾਉਂਦੇ ਆਪਣੇ ਦਿਲ ਦੇ

ਜਿਥੇ ਸੁਚਾ ਪਿਆਰ ਸੀ ਕੀਤਾ
ਜਿਥੇ ਪ੍ਰੇਮ ਹੁਲਾਰਾ ਲੀਤਾ

ਜਿਥੇ ਸੀ ਗਲਵਕੜੀ ਪਾਈ
ਜਿਥੇ ਪਿਆਰ ਦੀ ਸ਼ਮਾਂ ਜਲਾਈ

ਇਕੱਠੇ ਖਾਣਾ, ਇਕੱਠੇ ਪੀਣਾ
ਇਕੱਠੇ ਮਰਨਾ, ਇਕੱਠੇ ਜੀਣਾ



Academy of the Punjab in North America: http://www.apnaorg.com

ਜਿਥੇ ਸੀ ਇਹ ਕਰਕੇ ਵਾਹਦਾ
ਇਕ ਦੂਜੇ ਤੋਂ ਹੋਏ ਅਲਹਿਦਾ
ਉਥੇ ਹੀ ਮੈਂ ਲਾਇਆ ਡੇਰਾ
ਛੇਤੀਂ ਚੰਨਾਂ ਪਾਈਂ ਫੇਰਾ

ਲੋਕੀ ਪਗਲੀ ਕਹਿਣਗੇ ਮੈਨੂੰ
ਇੱਟਾਂ ਵੱਟੇ ਪੈਣਗੇ ਮੈਨੂੰ

ਪਰ ਇਹ ਤੱਤੜੀ ਆਸ ਲਗਾਏ
ਰਾਹ ਤੇਰੇ ਤੇ ਨੈਣ ਵਿਛਾਏ

'ਕਿਦਾਰ' ਤੜਫ ਕੇ ਮਰ ਜਾਏਗੀ
ਪਿਆਰ ਨੂੰ ਜ਼ਿੰਦਾ ਕਰ ਜਾਏਗੀ ।

□



Academy of the Punjab in North America: http://www.apnaorg.com

## ਦਿਲ

ਹਾਸੀ ਬੁੱਲ੍ਹਾਂ ਤੇ ਕਿਸ ਤਰ੍ਹਾਂ ਆਏ ਯਾਰੋ
ਡੇਰੇ ਗਮਾਂ ਨੇ ਸਦੀਆਂ ਤੋਂ ਲਾਏ ਹੋਏ ਨੇ

ਸਾਨੂੰ ਦੁਸ਼ਮਣਾ ਦੀ ਕੀ ਲੌੜ ਹੋਣੀ
ਅਸੀਂ ਦੋਸਤ ਹੀ ਐਸੇ ਬਣਾਏ ਹੋਏ ਨੇ

ਡਰ ਡਿਗਣ ਦਾ ਉਹਨਾਂ ਨੂੰ ਸਦਾ ਰਹਿੰਦਾ
ਪਲਕਾਂ ਉਤੇ ਤੂੰ ਜਿਹੜੇ ਬਿਠਾਏ ਹੋਏ ਨੇ

ਅਸਾਂ ਕੀ ਘਬਰਾਣਾ ਮੁਸੀਬਤਾਂ ਤੋਂ
ਜਿਹੜੇ ਸ਼ੁਰੂ ਦੇ ਵਿਚ ਸਤਾਏ ਹੋਏ ਨੇ

ਫਿਰ ਵੀ ਚੀਰ ਕੇ ਦੇਖੇਂ ਜੇ ਦਿਲ ਸਾਡਾ
ਆ ਜਾਏਗਾ ਚੰਨਾਂ ਇਤਬਾਰ ਤੈਨੂੰ

ਨਫ਼ਰਤ ਨਾਂ ਦੀ ਕੋਈ ਨਾ ਚੀਜ਼ ਲੱਭੂ
ਨਜ਼ਰ ਆਏਗਾ ਪਿਆਰ ਹੀ ਪਿਆਰ ਤੈਨੂੰ

ਸਫ਼ਰ ਜ਼ਿੰਦਗੀ ਦਾ ਬੜਾ ਤਹਿ ਕੀਤਾ
ਹੋਇਆ ਦਿਲ ਨਾ ਕਿਤੇ ਆਬਾਦ ਯਾਰੋ



Academy of the Punjab in North America: http://www.apnaorg.com

ਰਹਿਬਰ ਮਿਲੇ ਕੁਝ ਰਾਹਾਂ ਦੇ ਵਿਚ ਐਸੇ
ਹਥੋਂ ਜਿਨ੍ਹਾਂ ਦੇ ਹੋਇਆ ਬਰਬਾਦ ਯਾਰੋ

ਪਰ ਜਿਥੇ ਪਿਆਰ ਦੀ ਮਿਲੀ ਸੀ ਛਾਂ ਠੰਡੀ
ਉਹੋ ਘੜੀ ਹੈ ਅਜੇ ਤਕ ਯਾਦ ਯਾਰੋ

ਉਸੇ ਪਲ ਨੂੰ ਹੀ ਪਲ ਪਲ ਯਾਦ ਕਰਕੇ
ਕੰਵਲ ਦਿਲ ਦਾ ਰਖਿਆ ਹੈ ਸ਼ਾਦ ਯਾਰੋ

ਜਿਸ ਹੁਸਨ ਨੂੰ ਅਸੀਂ ਨਿਖਾਰਿਆ ਸੀ
ਆਪਣੇ ਖ਼ੂਨ ਦੀ ਪਾਕੇ ਖਾਦ ਯਾਰੋ

ਸਿਫ਼ਤਾਂ ਉਹਦੀਆਂ ਕਰੇ ਜਹਾਨ ਸਾਰਾ
ਸਾਡੇ ਇਸ਼ਕ ਨੂੰ ਮਿਲੀ ਨਾ ਦਾਦ ਯਾਰੋ

ਤੇਰੀ ਬੇਵਫ਼ਾਈ ਦੇ ਕੰਡਿਆਂ ਤੇ
ਅਸੀਂ ਵਫ਼ਾ ਦੇ ਫੁੱਲ ਸਜਾ ਦਿਤੇ

ਅਖਾਂ ਵਿਚ ਲੈਕੇ ਦੀਵੇ ਹੰਝੂਆਂ ਦੇ
ਤੇਰੀ ਆਰਤੀ ਕਰਨ ਜਗਾ ਦਿਤੇ

ਤੇਰੇ ਨਾਜ਼ ਨੇ ਪਾਇਆ ਨਾ ਪੈਰ ਚੰਨਾਂ
ਅਸੀਂ ਪਲਕਾਂ ਦੇ ਫਰਸ਼ ਵਿਛਾ ਦਿਤੇ

ਤੇਰੇ ਸ਼ਹਿਰ ਵਿਚ ਹੋਕੇ ਦਫਨ ਅਸੀਂ
ਦੂਰ ਰਹਿਣ ਦੇ ਝਗੜੇ ਮਿਟਾ ਦਿਤੇ

ਵਿਛੋੜੇ ਵਿਚ ਤੇ ਮਿਲਣ ਦੀ ਆਸ ਰਹਿੰਦੀ
ਬੁਰੀ ਕਿਸ ਤਰ੍ਹਾਂ ਲਗੇ ਜੁਦਾਈ ਮੈਨੂੰ

ਪਰ ਡਰ ਲਗਦਾ ਲੈਕੇ ਨਾਂ ਤੇਰਾ
ਲੋਕੀਂ ਕਹਿਣ ਨਾ ਕਿਤੇ ਸੁਦਾਈ ਮੈਨੂੰ

ਖਿੜ ਖਿੜ ਹਸਦੇ ਸੀ ਯਾਰਾਂ ਵਿਚ ਯ ਰੋ
ਸਾਡੇ ਯਾਰ ਸੀ ਬੇਸ਼ੁਮਾਰ ਯਾਰੋ

ਹਰ ਕੋਈ ਆਪਣਾ ਹੀ ਸਾਨੂੰ ਸਮਝਦਾ ਸੀ
ਸਾਡੇ ਉਤੇ ਸੀ ਜਦੋਂ ਬਹਾਰ ਯਾਰੋ

ਸਾਡਾ ਝੂਠ ਵੀ ਉਹਨਾਂ ਨੂੰ ਸੱਚ ਲਗੇ
ਏਨਾ ਸਾਡੇ ਤੇ ਕਰਨ ਇਤਬਾਰ ਯਾਰੋ



Academy of the Punjab in North America: http://www.apnaorg.com

ਹਰ ਕੋਈ ਚੁੰਮ ਕੇ ਗਲ ਦੇ ਨਾਲ ਲਾਵੇ
ਸਾਨੂੰ ਸਮਝ ਕੇ ਫੁੱਲਾਂ ਦਾ ਹਾਰ ਯਾਰੋ
ਲੁਟੀ ਗਈ ਸੀ ਜਦੋਂ ਬਹਾਰ ਸਾਡੀ
ਪਤਝੜ ਨੇ ਅਸਾਂ ਨੂੰ ਘੇਰਿਆ ਸੀ
ਗਲ ਕਰਨੀ 'ਕਿਦਾਰ' ਰਹੀ ਇਕ ਪਾਸੇ
ਯਾਰਾਂ ਦੇਖ ਕੇ ਮੂੰਹ ਨੂੰ ਫੇਰਿਆ ਸੀ ।

□



Academy of the Punjab in North America: http://www.apnaorg.com

## ਕੱਲੀ ਨੂੰ ਡਰ ਲਗੇ

ਐਸਾ ਚੰਨਾਂ ਰੂਪ ਤੇਰਾ ਮੇਰੀਆਂ ਅੱਖਾਂ ਵਿਚ ਸਮਾਏ
ਦਿਸਦਾ ਰਹੇਂ ਤੂੰ ਹਰ ਦਮ ਮੈਨੂੰ ਹੋਰ ਨਜ਼ਰ ਨਾ ਆਏ

ਇਹ ਤਿਰਹਾਈ ਹਿਰਨੀ ਚੰਨਾਂ ਕਦ ਤਕ ਆਖਰ ਜੀਵੇ
ਤੇਰੇ ਪਿਆਰ ਦੀ ਚਾਨਣੀ ਚੰਨਾ ਗਟ ਗਟ ਕਰਕੇ ਪੀਵੇ

ਕਦ ਤਕ ਕੋਇਲ ਬਾਗਾਂ ਦੇ ਵਿਚ ਪਿਆਰ ਦੇ ਨਗਮੇ ਗਾਏ
ਇਕ ਦਿਨ ਆਣ ਸਿਕਾਰੀ ਉਸਨੂੰ ਜਾਲ ਦੇ ਵਿਚ ਫਸਾਏ

ਕਦ ਤਕ ਹਿਰਨੀ ਬਣ ਦੇ ਅੰਦਰ ਆਪਣਾ ਆਪ ਬਚਾਏ
ਆਖਰ ਇਕ ਦਿਨ ਭੇੜੀਆ ਉਸ ਨੂੰ ਪੰਜੇ ਵਿਚ ਦਬਾਏ

ਮਹਿਕ ਫੁੱਲਾਂ ਦੀ ਡੱਬੀ ਦੇ ਵਿਚ ਬੰਦ ਨਾ ਰਖੀ ਜਾਏ
ਨਾਲ ਹਵਾ ਦੇ ਉਡ ਕੇ ਇਹ ਹਰ ਦਿਲ ਦੇ ਵਿਚ ਸਮਾਏ

ਗੋਰੇ ਰੰਗ ਨੂੰ ਦਸ ਤੂੰ ਚੰਨਾ ਨਜ਼ਰ ਤੋਂ ਕਿਵੇਂ ਬਚਾਵਾਂ
ਹੋਰ ਵੀ ਸੋਹਣਾ ਲਗਦਾ ਹੈ ਜਦ ਕਾਲਾ ਟਿੱਕਾ ਲਾਵਾਂ

ਸੜ ਜਾਏ ਚੰਨਣ ਬੇਸ਼ਕ ਖੁਸ਼ਬੂ ਫਿਰ ਵੀ ਆਏ
ਡਰ ਲਗਦਾ ਕੋਈ ਨਾਗ ਸ਼ੂਕਦਾ ਇਸ ਤੇ ਲਿਪਟ ਨਾ ਜਾਵੇ



Academy of the Punjab in North America: http://www.apnaorg.com

ਬਿਨਾ ਸਹਾਰੇ ਥੰਮੀਂ ਦੇ ਦਸ ਕਿਦਾਂ ਵੇਲ ਖਲੋਵੇ
ਪੈਰਾਂ ਹੇਠ ਲਿਤਾੜਨ ਲੋਕੀ ਤਰਸ ਨਾ ਕੋਈ ਖਾਏ

ਕੀ ਤੂੰ ਚਾਹੁੰਦਾ ਪਿਆਰ ਤੇਰੇ ਦੀਆਂ ਏਦਾਂ ਮੰਗਾਂ ਖੈਰਾਂ
ਤੋੜ ਕੇ ਇਸ ਨੂੰ ਬੇਦਰਦੀ ਨਾਲ ਮਸਲ ਦੇਣ ਵਿਚ ਪੈਰਾਂ

ਕੀ ਤੂੰ ਚਾਹੁੰਦਾਂ ਪਿਆਰ ਤੇਰਾ ਟਾਹਣੀ ਤੇ ਕੁਮਲਾਏ
ਜਾਂ ਫਿਰ ਪੱਤੀ ਪੱਤੀ ਹੋਕੇ ਬਾਗੀਂ ਖਿਲਰ ਜਾਏ

ਸਾਰੀ ਸਾਰੀ ਰਾਤ ਚੰਨਾ ਅੱਖ ਨਾ ਮੇਰੀ ਲਗੇ
ਕਦੀ ਮੈਂ ਪਾਸਾ ਸੱਜੇ ਪਰਤਾਂ ਕਦੀ ਮੈਂ ਪਰਤਾਂ ਖਬੇ

ਕਦੀ ਮੈਂ ਚੰਨਾ ਤਾਰੇ ਗਿਣ ਗਿਣ ਸਾਰੀ ਰਾਤ ਲੰਘਾਵਾਂ
ਕਦੀ ਮੈਂ ਆਪਣੇ ਆਪ ਨੂੰ ਚੰਨਾ ਘੁਟ ਘੁਟ ਜੱਫੀਆਂ ਪਾਵਾਂ

ਕਦੀ ਇਕੱਲੀ ਨੂੰ ਡਰ ਲਗੇ ਕਦੇ ਕਲੇਜਾ ਧੜਕੇ
ਕਦੀ ਮੈਂ ਬੂਹੇ ਦੇ ਵਲ ਦੌੜਾਂ ਜਦ ਕੋਈ ਪੱਤਾ ਖੜਕੇ

ਕਦੀ ਮੈਂ ਪਾਵਾਂ ਔਸੀਆਂ ਚੰਨਾ ਕਦੇ ਮੈਂ ਕਾਗ ਉਡਾਵਾਂ
ਕਦੀ ਕੁਰਲਾ ਕੇ ਚੰਨਾ ਗੀਤ ਵਿਯੋਗ ਦੇ ਗਾਵਾਂ

ਗੁਆਚ ਗਿਆ ਤੂੰ ਹਾਸਿਆਂ ਅੰਦਰ ਹੰਝੂਆਂ ਦੇ ਵਿਚ ਟੋਲਾਂ
ਗਮ ਦੇ ਅੰਦਰ ਖੁਰਦੀ ਜਾਵਾਂ ਭੇਤ ਨਾ ਦਿਲ ਦੇ ਖੋਲ੍ਹਾਂ

ਆਜਾ ਮੇਰੇ ਯੂਸਫ ਹੁਣ ਤੂੰ ਏਨੀ ਦੇਰ ਕਿਉਂ ਲਾਈ
ਤੇਰੀ ਦੇਖ ਜੁਲੈਖਾਂ ਬੈਠੀ ਰਾਹ ਵਿਚ ਝੁਗੀ ਪਾਈ

ਨਾ ਮੈਂ ਛਾਲ ਖੂਹ ਵਿਚ ਮਾਰੀ ਨਾ ਮੈਂ ਲੀਤਾ ਫਾਹਾ
ਨਾ ਮੈਂ ਸੜੀ ਅੱਗ ਦੇ ਅੰਦਰ ਨਾ ਮਹੁਰਾ ਮੈਂ ਖਾਇਆ

ਮਰ ਜਾਂਦੀ ਮੈਂ ਬੇਸ਼ਕ ਚੰਨਾ ਮਰਨ ਦੇ ਕਈ ਬਹਾਨੇ
ਮਰ ਮਰ ਕੇ ਮੈਂ ਜਿਉਂਦੀ ਕਿਉਂ ਹਾਂ ਇਹ ਕੋਈ ਵਿਰਲਾ ਜਾਣੇ

ਹਸਰਤ ਤੇਰੇ ਦੀਦ ਦੀ ਜੇ 'ਕਿਦਾਰ' ਨਾ ਹੋਈ ਪੂਰੀ
ਮਰਕੇ ਵੀ ਰੂਹ ਤੜਪੇ ਮੇਰੀ ਜ਼ਿੰਦਗੀ ਰਹੇ ਅਧੂਰੀ ।

□



Academy of the Punjab in North America: http://www.apnaorg.com

## ਆਜ਼ਾਦੀ ਦੀ ਵਧਾਈ

ਦੇਸ਼ ਦੀ ਅਜ਼ਾਦੀ ਦੀ ਤੁਹਾਨੂੰ ਸਾਡੇ ਵਲੋਂ ਵਧਾਈ ਹੋ
ਅਸੀਂ ਵੀ ਕੋਈ ਗੈਰ ਨਹੀਂ ਤੁਸੀਂ ਵੀ ਸਾਡੇ ਭਾਈ ਹੋ

ਆਜ਼ਾਦੀ ਦੀ ਖਾਤਰ ਦੋਨਾਂ ਦਿਤੀ ਬੜੀ ਕੁਰਬਾਨੀ ਹੈ
ਦੋਨਾਂ ਨੇ ਹੀ ਇਸ ਧਰਤੀ ਤੇ ਆਪਣੀ ਰੱਤ ਵਗਾਈ ਹੈ

ਵਧੋ ਫੁਲੋ ਕਰੋ ਤਰੱਕੀ ਦੇਸ਼ ਤੁਹਾਡਾ ਖੁਸ਼ਹਾਲ ਰਹੇ
ਹਮਸਾਏ ਹੁੰਦੇ ਮਾਂ ਪਿਓ ਜਾਏ ਏਨਾ ਜ਼ਰਾ ਖਿਆਲ ਰਹੇ

ਦਿਨ ਦੁਗਣੀ ਰਾਤ ਚੌਗਣੀ ਕਰੋ ਤਰੱਕੀ ਜੀ ਸਦਕੇ
ਸਿਲਾ ਅਜ਼ਾਦੀ ਦਾ ਮਿਲੇ ਤੁਹਾਨੂੰ ਨਾ ਦਿਲ ਵਿਚ ਕੋਈ ਮਲਾਲ ਰਹੇ ।

□



Academy of the Punjab in North America: http://www.apnaorg.com

## ਗੁਰੂ ਨਾਨਕ ਜੀ

ਚੜ੍ਹੇ ਧਰਤੀ ਤੇ ਜਿਵੇਂ ਹਜ਼ਾਰ ਸੂਰਜ
ਏਡਾ ਹੋਇਆ ਸੀ ਉਹਦਾ ਪ੍ਰਕਾਸ਼ ਭਾਈਓ

ਧਰਤੀ ਨੱਚ ਉਠੀ ਪੱਬਾਂ ਭਾਰ ਹੋਕੇ
ਚੁੰਮਣ ਲਈ ਸੀ ਝੁਕਿਆ ਆਕਾਸ਼ ਭਾਈਓ

ਉੱਗਲੇ ਸਾਗਰ ਨੇ ਬੇਸ਼ੁਮਾਰ **ਮੋਤੀ**
ਢੇਰ ਲਾ ਦਿਤੇ ਆਸ ਪਾਸ ਭਾਈਓ

ਹੀਰੇ ਨਿਕਲ ਕੇ ਪਰਬਤ 'ਚੋਂ ਬਾਹਰ ਆਏ
ਮੇਰੇ ਦਾਤੇ ਦੀ ਕਰਨ ਅਰਦਾਸ ਭਾਈਓ

ਚੌਂਹ ਪਾਸਿਓਂ ਐਸੀ ਖੁਸ਼ਬੂ ਉਠੀ
ਮਹਿਕ ਉਠਿਆ ਕੁਲ ਸੰਸਾਰ ਹੈ ਸੀ

ਕੋਇਲਾਂ ਕੂਕੀਆਂ ਮੋਰਾਂ ਨੇ ਪੈਲ ਪਾਈ
ਚੱਪੇ ਚੱਪੇ ਤੇ ਛਾਈ ਬਹਾਰ ਹੈ ਸੀ

ਪਰਚੰਡ ਹੋਈ ਸਚਾਈ ਦੀ ਅਗਨ ਐਸੀ
ਭੱਠੀ ਪਾਪਾਂ ਦੀ ਸੜ ਕੇ ਸੁਆਹ ਹੋ ਗਈ



Academy of the Punjab in North America: http://www.apnaorg.com

ਨੇਕੀ ਆਣ ਕੇ ਵਿਹੜੇ ਜਦ ਪੈਰ ਪਾਇਆ
ਬਦੀ ਨਸ ਕੇ ਝਟ ਹਵਾ ਹੋ ਗਈ

ਡਰ ਖੌਫ ਸਭ ਦਿਲਾਂ ਤੋਂ ਦੂਰ ਹੋਇਆ
ਸਹਿਮੀ ਜ਼ਿੰਦੜੀ ਬੇਪਰਵਾਹ ਹੋ ਗਈ

ਹਨੇਰੇ ਵਿਚ ਕੁਰਾਹੇ ਸੀ ਪਈ ਦੁਨੀਆਂ
ਨਾਨਕ ਲੋ ਚਮਕੀ ਸਿਧੇ ਰਾਹ ਹੋ ਗਈ

ਧੰਨ ਗੁਰੂ ਨਾਨਕ ਧੰਨ ਗੁਰੂ ਨਾਨਕ
ਚਰਨਾਂ ਉਤੋਂ ਹਰ ਜਿੰਦ ਬਲਿਹਾਰ ਹੋਈ

ਸੁਤੇ ਹੋਏ ਇਨਸਾਨ ਦੇ ਭਾਗ ਜਾਗੇ
ਨਾਨਕ ਨਾਮ ਤੇਰੀ ਜੈ ਜੈ ਕਾਰ ਹੋਈ

ਵਿਥਾਂ ਦਿਲਾਂ ਦੀਆਂ ਦਿਲ ਤੋਂ ਦੂਰ ਕਰਕੇ
ਸੱਚੇ ਪਿਆਰ ਦੀ ਜੋਤ ਜਗਾਈ ਨਾਨਕ

ਜੋ ਕੋਈ ਸ਼ਰਨ ਆਇਆ ਉਸ ਨੂੰ ਤਾਰ ਦਿਤਾ
ਐਸੀ ਨਾਮ ਦੀ ਕੀਤੀ ਕਮਾਈ ਨਾਨਕ

ਤੇ ਐਸੀ ਪੜ੍ਹੀ ਮੁਹਾਰਨੀ ਤੇਰ੍ਹਵੇਂ ਦੀ
ਹਿੰਦਸੇ ਤੇਰ੍ਹਵੇਂ ਤੇ ਹੱਟ ਲੁਟਾਈ ਨਾਨਕ

ਕਿਵੇਂ ਪਹੁੰਚਣਾ ਬੰਦਿਆ ਰੱਬ ਤਾਈਂ
ਇਕ ਨੁਕਤੇ ਵਿਚ ਗੱਲ ਸਮਝਾਈ ਨਾਨਕ

ਰੱਤ ਨਿਕਲੇ ਪਾਪ ਕਮਾਈ ਵਿਚੋਂ
ਸਦਾ ਸੱਚ ਦੀ ਸਦਾ ਲਗਾਈ ਨਾਨਕ

ਰੋਟੀ ਪਕੜ ਕੇ ਨੇਕ ਕਮਾਈ ਵਾਲੀ
ਵਿਚੋਂ ਦੁੱਧ ਦੀ ਧਾਰ ਵਗਾਈ ਨਾਨਕ

ਹੁਕਮ ਰੱਬ ਦਾ ਹੋਇਆ ਸੀ ਆਪ ਤਾਈਂ
ਸਾਰੀ ਦੁਨੀਆਂ ਦਾ ਕਰਨ ਕਲਿਆਣ ਆਏ

ਅਸੀਂ ਇਕ ਹਾਂ ਤੇ ਇਕ ਖੁਦਾ ਸਾਡਾ
ਸਭ ਨੂੰ ਪਿਆਰ ਦਾ ਸਬਕ ਸਿਖਾਉਣ ਆਏ

ਜਿਥੇ ਚੱਲ ਕੇ ਜੀਵਨ ਦਾ ਭੇਤ ਲੱਭੇ
ਸੱਚਾ ਰਾਹ ਉਹ ਸਤਿਗੁਰੂ ਦਿਖਾਉਣ ਆਏ



Academy of the Punjab in North America: http://www.apnaorg.com

ਦੁਖੀ ਦਿਲਾਂ ਦਾ ਬਣ ਕੇ ਆਪ ਦਾਰੂ
ਦੁਖੀ ਦਿਲਾਂ ਦਾ ਦਰਦ ਮਿਟਾਉਣ ਆਏ
ਰਲ ਮਿਲ 'ਕਿਦਾਰ' ਅਜ ਗੀਤ ਗਾਓ
ਕਰਮਾਂ ਵਾਲਾ ਦਿਹਾੜਾ ਉਹ ਆ ਗਿਆ ਹੈ
ਜੁਗ ਪਲਟਿਆ ਅੰਮ੍ਰਿਤ ਦੀ ਹੋਈ ਵਰਸ਼ਾ
ਰੋਮ ਰੋਮ ਵਿਚ ਨਾਨਕ ਸਮਾ ਗਿਆ ਹੈ ।

□



Academy of the Punjab in North America: http://www.apnaorg.com

## ਨਾਇਤ

ਤੇਰੀ ਸ਼ਾਨ ਦਾ ਸੀ ਪਤਾ ਜਦੋਂ ਲਗਾ
ਅਕੀਦਤ ਦੇ ਫੁੱਲ ਮੇਰੇ ਦਿਲ ਵਿਚ ਖਿਲੇ ਸੀ

ਹਕੀਕਤ ਤੋਂ ਜਾਣੂ ਕਰਵਾਇਆ ਜਿਨ੍ਹਾਂ ਨੇ
ਕੁਝ ਐਸੇ ਭਲੇ ਲੋਕ ਮੈਨੂੰ ਮਿਲੇ ਸੀ

ਜੋ ਸਦੀਆਂ ਤੋਂ ਪਹਿਲਾਂ ਦਿਖਾਇਆ ਤੂੰ ਮੌਲਾ
ਉਹ ਉਸੇ ਹੀ ਰਾਹਾਂ ਤੇ ਹੁਣ ਤਕ ਚੱਲੇ ਸੀ

ਤੇਰੇ ਚਾਹੁਣ ਵਾਲੇ ਬੰਦੇ ਜੋ ਦੇਖੇ
ਉਹਨਾਂ ਨੇਕੀ ਦੇ ਸਭ ਨੂੰ ਦਿਤੇ ਸਿਲੇ ਸੀ

ਮੁਹੰਮਦ ਮੁਹੱਬਤ, ਮੁਹੱਬਤ ਮੁਹੰਮਦ
ਨਾ ਨਫਰਤ ਦਾ ਕੋਈ ਨਿਸ਼ਾਨ ਨਜ਼ਰ ਆਇਆ

ਤੇਰੇ ਨਾਮਲੇਵਾ ਮਿਲੇ ਜਿਥੇ ਜਿਥੇ
ਮੁਹੱਬਤ ਦਾ ਜਜ਼ਬਾ ਉਹਨਾਂ ਵਿਚ ਸੀ ਪਾਇਆ

ਮੁਹੰਮਦ, ਮੁਹੰਮਦ, ਮੁਹੰਮਦ, ਮੁਹੰਮਦ
ਤੇਰੇ ਨਾਂ ਦੀ ਧੁੰਮ ਹਰ ਥਾਂ ਮਚੀ ਸੀ



Academy of the Punjab in North America: http://www.apnaorg.com

ਸੱਚੇ ਦਿਲੋਂ ਯਾਦ ਕੀਤਾ ਜਿਨ੍ਹਾਂ ਨੇ
ਕਿਸੇ ਚੀਜ਼ ਦੀ ਨਾ ਉਹਨਾਂ ਨੂੰ ਕਮੀ ਸੀ

ਜੀਵਨ ਸਫਲ ਹੋ ਗਿਆ ਸੀ ਉਹਨਾਂ ਦਾ
ਜਿਨ੍ਹਾਂ ਨੂੰ ਲਗਨ ਸੱਚੀ ਤੇਰੀ ਲਗੀ ਸੀ

ਤੇਰੇ ਆਸ਼ਕਾਂ ਨੇ ਜਿਥੇ ਨਜ਼ਰ ਮਾਰੀ
ਮੇਰੇ ਕੰਬਲੀ ਵਾਲੇ ਦੀ ਦੇਖੀ ਸ਼ਵੀ ਸੀ

ਸ਼ਹਿਨਸ਼ਾਹ ਦਾ ਰੁਤਬਾ ਉਹਨਾ ਪਾ ਲਿਆ ਸੀ
ਤੇਰੇ ਦਰ ਤੇ ਜਿਨ੍ਹਾਂ ਲੁਟਾਈ ਸੀ ਪੂੰਜੀ

ਦੁਨੀਆਂ ਦਾ ਕਿਹੜਾ ਉਹ ਕੋਨਾ ਸੀ ਮੌਲਾ
ਤੇਰੇ ਨਾਂ ਦੀ ਜਿਥੇ ਸਦਾ ਨਹੀਂ ਸੀ ਗੂੰਜੀ

ਸਦੀਆਂ ਤੋਂ ਪਹਿਲਾਂ ਜਗਾਈ ਸੀ ਜਿਹੜੀ
ਸ਼ਮਾਂ ਉਹ ਸਚਾਈ ਦੀ ਹੁਣ ਤਕ ਜਗੀ ਹੈ

ਸਜਾਈ ਸੀ ਜਿਹੜੀ ਕਦੀ ਆਪ ਮੌਲਾ
ਤੇਰੇ ਦਰ ਤੇ ਹੁਣ ਤਕ ਉਹ ਮਹਿਫਲ ਸਜੀ ਹੈ

ਦੁਨੀਆਂ ਦੀ ਰੰਗਤ ਹੈ ਤੇਰੀ ਬਦੌਲਤ
ਫੁੱਲਾਂ ਵਿਚ ਤੇਰੀ ਹੀ ਖੁਸ਼ਬੂ ਰਚੀ ਹੈ

ਬਿਨਾਂ ਤੇਰੇ ਨਾਂ ਤੋਂ ਹੈ ਸਭ ਕੁਝ ਅਧੂਰਾ
ਤੈਥੋਂ ਬਿਨਾ ਕੋਈ ਗੱਲ ਨਾ ਜਚੀ ਹੈ

ਕੋਈ ਛੋਟਾ ਨਾ ਵੱਡਾ ਸੀ ਤੇਰੀ ਨਜ਼ਰ ਵਿਚ
ਤੇਰੇ ਦਰ ਤੇ ਜੋ ਚਲ ਕੇ ਆਏ ਸੀ ਮੌਲਾ

ਤੂੰ ਆਪੇ ਉਠਾਇਆ ਤੇ ਸੀਨੇ ਨਾਲ ਲਾਇਆ
ਦੂਰੀ ਦੇ ਝਗੜੇ ਮੁਕਾਏ ਸੀ ਮੌਲਾ

ਅੰਧੇਰੇ ਵਿਚ ਭਟਕੇ ਹੋਏ ਬੰਦਿਆਂ ਨੂੰ
ਸਚਾਈ ਦਾ ਤੂੰ ਰਾਹ ਦਿਖਾਇਆ ਮੁਹੰਮਦ

ਤਰੀਕਾ ਸਹੀ ਤੂੰ ਇਬਾਦਤ ਦਾ ਦਸ ਕੇ
ਦੁਨੀਆਂ ਵਿਚ ਜੀਣਾ ਸਿਖਾਇਆ ਮੁਹੰਮਦ

ਵਖੋ ਵਖ ਖਿਆਲਾਂ ਨੂੰ ਕਰਕੇ ਤੂੰ ਇਕੱਠਿਆਂ
ਇਕੋ ਹੀ ਸਭ ਨੂੰ ਬਣਾਇਆ ਮੁਹੰਮਦ



Academy of the Punjab in North America: http://www.apnaorg.com

ਤੈਥੋਂ ਬਿਨਾਂ ਹੋਰ ਕਿਸ ਦੀ ਸੀ ਹਿੰਮਤ
ਜੋ ਬੰਦੇ ਨੂੰ ਰੱਬ ਤਕ ਪਹੁੰਚਾਇਆ ਮੁਹੰਮਦ
'ਕਿਦਾਰ' ਜੀਣਾ ਹੈ ਜੀਣਾ ਉਹਨਾਂ ਦਾ
ਦਿਲਾਂ ਵਿਚ ਜਿਨ੍ਹਾਂ ਨੇ ਵਸਾਇਆ ਮੁਹੰਮਦ
ਮੇਰੀ ਵੀ ਸੁਣ ਲੈ ਇਹ ਕੰਬਲੀ ਵਾਲੇ
ਤੇਰੇ ਦਰ ਤੇ ਚਲ ਕੇ ਮੈਂ ਆਇਆ ਮੁਹੰਮਦ ।

□



Academy of the Punjab in North America: http://www.apnaorg.com

## ਨਾਇਤ

ਮੈਂ ਹਿੰਦੂ ਹਾਂ ਬੇਸ਼ਕ ਰਾਮ ਦਾ ਹਾਂ ਪੁਜਾਰੀ
ਪਰ ਮੁਹੰਮਦ ਦੀ ਦਿਲ ਵਿਚ ਅਕੀਦਤ ਬੜੀ ਹੈ
ਮੰਜ਼ਿਲ ਤੇ ਸਭ ਦੀ ਹੈ ਇਕ ਯਾਰੋ
ਵਖੋ ਵਖ ਰਾਹਾਂ ਤੇ ਦੁਨੀਆਂ ਪੜੀ ਹੈ
ਅਸੀਂ ਇਕੋ ਹੀ ਮਾਲਾ ਦੇ ਮਣਕੇ ਹਾਂ ਸਾਰੇ
ਬੇਸ਼ਕ ਭਾਵੇਂ ਅਜ ਟੁਟੀ ਲੜੀ ਹੈ
ਗਿਰਾ ਦੋ ਅਗਰ ਹੋ ਸਕੇ ਤੋ ਗਿਰਾ ਦੋ
ਨਫਰਤ ਦੀ ਦੀਵਾਰ ਜਿਹੜੀ ਖੜੀ ਹੈ
ਮੇਰਾ ਇਹ ਅਕੀਦਾ ਅਸੀਂ ਇਕ ਹਾਂ ਸਾਰੇ
ਇਕੋ ਹੀ ਸਾਡਾ ਸਭ ਦਾ ਮਕਾਂ ਹੈ
ਮੈਂ ਛੋਟਾ ਜਿਹਾ ਬੱਚਾ ਜਦੋਂ ਦੇਖਦਾ ਹਾਂ
ਕਿਸੇ ਵੀ ਮਜ਼ਹਬ ਦਾ ਨਾ ਮਿਲਦਾ ਨਿਸ਼ਾਂ ਹੈ
ਮੁਹੰਮਦ ਦੇ ਉਚੇ ਖਿਆਲਾਂ ਨੂੰ ਦੇਖੋ
ਕਿਸੇ ਵੀ ਮਜ਼ਹਬ ਨੂੰ ਬੁਰਾ ਨਹੀਂ ਕਿਹਾ ਸੀ



Academy of the Punjab in North America: http://www.apnaorg.com

ਹਰ ਇਕ ਨੂੰ ਹੱਸ ਕੇ ਸੀਨੇ ਨਾਲ ਲਾਇਆ
ਜਿਹਨੇ ਆਸਰਾ ਵੀ ਉਹਨਾਂ ਦਾ ਲਿਆ ਸੀ

ਹਰ ਇਕ ਨੂੰ ਸੁਖ ਦਿਤਾ ਉਹਨਾਂ ਨੇ
ਭਲਾ ਸਾਰੀ ਦੁਨੀਆ ਦਾ ਕਰਦਾ ਰਿਹਾ ਸੀ

ਮੈਂ ਫਿਰ ਕਿਉਂ ਨਾ ਜਾਵਾਂ ਮੁਹੰਮਦ ਦੇ ਸਦਕੇ
ਜਿਹਨੇ ਪਿਆਰ ਦਾ ਸਭ ਨੂੰ ਦਿਤਾ ਸਿਲਾ ਸੀ

ਜਿਹਦੀ ਮਹਿਕ ਯਾਰੋ ਅਜੇ ਤਕ ਹੈ ਆਉਂਦੀ
ਜਿਹੜਾ ਫੁੱਲ ਸਭ ਲਈ ਸਾਂਝਾ ਖਿਲਾ ਸੀ

ਬਣ ਕੇ ਸੀ ਰਹਿਬਰ ਉਹ ਦੁਨੀਆਂ ਤੇ ਆਏ
ਮੰਜ਼ਿਲ ਤੇ ਸਭ ਨੂੰ ਪੁਚਾਇਆ ਮੁਹੰਮਦ

ਜਿਥੇ ਚੱਲ ਕੇ ਭੇਤ ਜੀਵਨ ਦਾ ਲਭੇ
ਸਚਾਈ ਦਾ ਉਹ ਰਾਹ ਦਿਖਾਇਆ ਮੁਹੰਮਦ

ਹਰ ਮੁਸ਼ਕਲਾਂ ਤੋਂ ਸੀ ਉਹ ਦੂਰ ਹੋਏ
ਜਿਨ੍ਹਾਂ ਦਿਲ ਦੇ ਅੰਦਰ ਵਸਾਇਆ ਮੁਹੰਮਦ

ਮੇਰੀ ਵੀ ਸੁਣ ਲੈ ਏ ਕੰਬਲੀ ਵਾਲੇ
ਤੇਰੇ ਦਰ ਤੇ ਚਲ ਕੇ ਮੈਂ ਆਇਆ ਮੁਹੰਮਦ

ਤੂੰ ਡੁਬਦੇ ਹੋਏ ਬੇੜੇ ਲੱਖਾਂ ਦੇ ਤਾਰੇ
ਮਿਹਰ ਦੀ ਨਜ਼ਰ ਇਕ ਮੇਰੇ ਤੇ ਕਰਦੇ

ਤੇਰੇ ਦਰ ਤੋਂ 'ਕਿਦਾਰ' ਗਿਆ ਕੋਈ ਨਾ ਖਾਲੀ
ਮੇਰੀ ਵੀ ਝੋਲੀ ਮੁਰਾਦਾਂ ਨਾਲ ਭਰਦੇ ।

□



Academy of the Punjab in North America: http://www.apnaorg.com

## ਭਗਤ

ਭਗਵਾਨ ਤੇਰਾ ਭਗਤ ਜੋ ਮੱਥਾ ਹੈ ਤੈਨੂੰ ਟੇਕਦਾ
ਭਾਂਬੜ ਮਚਾ ਕੇ ਈਰਖਾ ਦਾ ਅੱਗ ਉਹਦੀ ਸੇਕਦਾ

ਤਿਲਕ ਲਗਾ ਲਾਲ ਹੈ ਪਰ ਖ਼ੂਨ ਚਿੱਟਾ ਹੋ ਗਿਆ
ਮਤਲਬੀ ਇਨਸਾਨ ਦਾ ਅਜ ਪਿਆਰ ਸਾਰਾ ਖੋ ਗਿਆ

ਤੇਰੇ ਉਤੇ ਵੀ ਉਹ ਕਬਜ਼ਾ ਜਮਾਉਣਾ ਚਾਹੁੰਦਾ
ਆਪਣੇ ਹੀ ਨਾਂ ਦਾ ਸਿੱਕਾ ਚਲਾਉਣਾ ਚਾਹੁੰਦਾ

ਲੜਾਈਆਂ ਝਗੜਿਆਂ ਵਿਚ ਜ਼ੋਰ ਸਾਰਾ ਲਾ ਰਿਹਾ
ਤੇਰੀਆਂ ਵੀ ਅਜ ਦਾਤਾ ਵੰਡੀਆਂ ਹੈ ਪਾ ਰਿਹਾ

ਆਪਣੀ ਹੀ ਸ਼ਾਨ ਦਾ ਰੋਣਾ ਹੈ ਉਹ ਤੇ ਰੋ ਰਿਹਾ
ਕੁਝ ਸਮਝ ਨਹੀਂ ਆ ਰਹੀ ਕੁਝ ਪਾ ਰਿਹਾ ਜਾਂ ਖੋ ਰਿਹਾ

ਇਸ ਤਰ੍ਹਾਂ ਦਾ ਰੂਪ ਲੈਕੇ ਕੋਲ ਤੇਰੇ ਆ ਰਿਹਾ
ਕੀ ਕੋਲ ਤੇਰੇ ਆ ਰਿਹਾ ਜਾਂ ਦੂਰ ਤੈਥੋਂ ਜਾ ਰਿਹਾ



Academy of the Punjab in North America: http://www.apnaorg.com

ਤੇਰੇ ਹੀ ਬੰਦਿਆਂ ਨਾਲ ਈਰਖਾ ਜੋ ਰਖਦਾ
ਤੇਰੀ ਖੁਦਾਈ ਨਾਲ ਜੋ ਪਿਆਰ ਨਹੀਂ ਕਰ ਸਕਦਾ

ਇਸ ਤਰ੍ਹਾਂ ਦਾ ਆਦਮੀ ਕੀ ਦਸ ਤੈਨੂੰ ਪਰਵਾਨ ਹੈ
ਕੀ ਉਹ ਤੇਰਾ ਭਗਤ ਹੈ ਜਾਂ ਤੂੰ ਉਹਦਾ ਭਗਵਾਨ ਹੈਂ

ਤੈਨੂੰ ਤੇ ਮੇਰੇ ਦਾਤਿਆ ਧੰਨੇ ਭਗਤ ਦੀ ਲੋੜ ਹੈ
ਨਿਮਰਤਾ ਤੇ ਪਿਆਰ ਭਰਿਆਂ ਬੰਦਿਆਂ ਦੀ ਥੋੜ ਹੈ ।

☐



Academy of the Punjab in North America: http://www.apnaorg.com

## ਕਵਿਤਾ

ਹੁਸਨ ਦੇ ਹੀਰੇ ਜੜ ਜੜ ਕੇ
ਕਵਿਤਾ ਨੂੰ ਮੈਂ ਸ਼ਿੰਗਾਰਦਾ ਸੀ

ਅਕਸ ਮੈਂ ਹਰ ਇਕ ਨਖਰੇ ਦਾ
ਮੈਂ ਕਵਿਤਾ ਵਿਚ ਉਤਾਰਦਾ ਸੀ

ਮਹਿਕ ਪਿਆਰ ਦੀ ਲੈ ਕੇ ਮੈਂ
ਉਹਦੇ ਅੰਗਾਂ ਵਿਚ ਰਚਾਉਂਦਾ ਸੀ

ਕਚਕੌਲ ਬਣਾ ਕੇ ਅਖਾਂ ਦੇ
ਅਖਾਂ ਦੇ ਥਲੇ ਧਰਦਾ ਸੀ

ਡੁਲ੍ਹਦੇ ਹੋਏ ਉਹਦੀਆਂ ਅੱਖਾਂ ਵਿਚੋਂ
ਮੈਂ ਹਾਸੇ ਸਾਰੇ ਭਰਦਾ ਸੀ

ਸ਼ਰਮ ਹਯਾ ਦੀ ਲਾਲੀ ਦਾ
ਕਵਿਤਾ ਤੇ ਰੰਗ ਚੜ੍ਹਾਉਂਦਾ ਸੀ
ਕਰਕੇ ਮੈਂ ਸੁੰਦਰਤਾ ਇਕੱਠੀ
ਕਵਿਤਾ ਨੂੰ ਯਾਰ ਬਣਾਉਂਦਾ ਸੀ



Academy of the Punjab in North America: http://www.apnaorg.com

ਕਿਤੇ ਅੱਖ ਮਚੋਲੀ ਬਿਜਲੀ ਦੀ
ਕਿਤੇ ਬੱਦਲਾਂ ਦਾ ਛਾ ਜਾਣਾ

ਕਿਤੇ ਦਿਨੇ ਸ਼ਾਮ ਦਾ ਰੰਗ ਯਾਰੋ
ਇਕ ਪਲ ਦੇ ਵਿਚ ਵਟਾ ਜਾਣਾ

ਕਿਤੇ ਚੰਨ ਰੇਸ਼ਮੀ ਕਿਰਨਾਂ ਨੂੰ
ਧਰਤੀ ਤੇ ਆਣ ਖਿਲਾਰਦਾ ਸੀ

ਉਹ ਤਪਸ਼ ਮਿਟਾ ਕੇ ਧਰਤੀ ਦੀ
ਧਰਤੀ ਦਾ ਸੀਨਾ ਠਾਰਦਾ ਸੀ

ਕਿਤੇ ਕੋਇਲ ਕੂ ਕੂ ਕਰਦੀ ਸੀ
ਕਿਤੇ ਮੋਰ ਪੈਲਾਂ ਪਾਉਂਦਾ ਸੀ

ਕੁਦਰਤ ਦੇ ਦੇਖ ਨਜ਼ਾਰੇ ਇਹ
ਦਿਲ ਆਪ ਮੁਹਾਰਾ ਗਾਉਂਦਾ ਸੀ

ਇਹ ਸੁੰਦਰ ਵਾਤਾਵਰਣ ਜਦੋਂ
ਇਕ ਸ਼ਾਇਰ ਨੂੰ ਹੈ ਮਿਲ ਜਾਵੇ

ਇਕ ਸ਼ਬਦ ਬੋਲਿਆ ਉਸ ਦਾ ਫਿਰ
ਕਵਿਤਾ ਦੇ ਵਿਚ ਢਲ ਜਾਵੇ

ਹਰ ਪਾਸਿਓਂ ਸਿਸਕੀਆਂ ਆਹਾਂ ਦੀਆਂ
ਕੰਨਾਂ ਵਿਚ ਵਾਜਾਂ ਆਉਂਦੀਆਂ ਨੇ

ਫੁੱਲਾਂ ਵਾਂਗ ਜੋ ਹਸਦੀਆਂ ਸਨ
ਉਹ ਸੂਰਤਾਂ ਅਜ ਮੁਰਝਾਈਆਂ ਨੇ

ਜ਼ਾਲਮ ਤੇ ਹਤਿਆਰੇ ਅਜ
ਮਜ਼ਲੂਮਾਂ ਤੇ ਜ਼ੁਲਮ ਕਮਾਉਂਦੇ ਨੇ

ਕਿਧਰੇ ਉਹ ਲਾਉਂਦੇ ਅੱਗਾਂ ਨੇ
ਕਿਧਰੇ ਉਹ ਬੰਬ ਵਰਸਾਉਂਦੇ ਨੇ

ਅਜ ਸਹਿਮੀ ਸਹਿਮੀ ਜ਼ਿੰਦੜੀ ਏ
ਦਿਲ ਖੌਫ ਦੇ ਨਾਲ ਡਰਦਾ ਏ

ਨਾ ਜੀਣ ਦੀ ਰਹੀ ਅਜ਼ਾਦੀ ਏ
ਬਿਨ ਮੌਤੋਂ ਹਰ ਕੋਈ ਮਰਦਾ ਏ



Academy of the Punjab in North America: http://www.apnaorg.com

ਅਜ ਖ਼ੂਨ ਚਿੱਟਾ ਹੋ ਗਿਆ ਏ
ਭਾਈ ਦਾ ਦੁਸ਼ਮਣ ਭਾਈ ਏ

ਘਰ ਦੇ ਹੀ ਦੀਪਕ ਨੇ ਯਾਰੋ
ਅਜ ਘਰ ਨੂੰ ਅੱਗ ਲਗਾਈ ਏ

ਦੇਖ ਕੇ ਇਹ ਸਭ ਕੁਝ ਐ ਯਾਰੋ
ਕਲਮ ਵੀ ਹੁਣ ਤੇ ਕੰਬਦੀ ਹੈ

ਬੋਲਣ ਦੀ ਕਿਸ ਦੀ ਹਿੰਮਤ ਹੈ
ਅਜ ਮੂੰਹ ਤੇ ਸਿਕਰੀ ਜੰਮਦੀ ਹੈ

ਅਜ ਜ਼ੋਰਾ ਵਰ ਦੇ ਹਥੋਂ ਪਈ
ਦੇਖ ਸ਼ਰਾਫਤ ਝੰਬਦੀ ਹੈ

ਪਤਾ ਨਹੀਂ ਇਹ ਖ਼ੂਨੀ ਹਨੇਰੀ
ਯਾਰ ਮੇਰੇ ਕਦ ਥੰਮਦੀ ਹੈ

ਅਜ ਸ਼ਾਇਰ ਤੁਹਾਥੋਂ ਮੰਗਦਾ ਹੈ
ਉਹਦੀ ਕਲਮ ਨੂੰ ਮੁੜ ਕੇ ਪਿਆਰ ਦਿਓ

ਜਿਥੇ ਮਹਿਕ ਪਿਆਰ ਦੀ ਉਠੇ
ਉਹਨੂੰ ਐਸਾ ਇਕ ਸੰਸਾਰ ਦਿਓ

ਉਹ ਨਾਲ ਯਕੀਨ ਦੇ ਲਿਖ ਸਕੇ
ਉਹਨੂੰ ਆਪਣਾ ਫਿਰ ਇਤਬਾਰ ਦਿਓ

ਜਿਥੇ ਖਿੜਨ ਫੁੱਲ ਮਿਲਾਪਾਂ ਦੇ
ਉਹਨੂੰ ਐਸਾ ਇਕ ਸੰਸਾਰ ਦਿਓ।

□



Academy of the Punjab in North America: http://www.apnaorg.com

## ਖਿਆਲ

ਮਸਤੀ ਦੇ ਵਿਚ ਸੁਤਾ ਸੀ
ਜ਼ੁਲਫਾਂ ਦਾ ਕਰ ਕੇ ਛਾਇਆ ਸੀ

ਉਂਗਲ਼ ਤੇ ਜ਼ੁਲਫਾਂ ਦੇ ਛਲੇ
ਲਿਪਟਾ ਕੇ ਮਨ ਪਰਚਾਇਆ ਸੀ

ਗੱਲਾਂ ਕਰਕੇ ਨਾਲ ਹੁਸਨ ਦੇ
ਦਿਲ ਆਪਣਾ ਭਰਮਾਇਆ ਸੀ

ਅੱਖਾਂ ਦੀ ਗਹਿਰਾਈ ਵਿਚ
ਕਦੀ ਆਪਣਾ ਆਪ ਛੁਪਾਇਆ ਸੀ

ਹੋਰ ਵੀ ਹੈ ਕੁਝ ਦੁਨੀਆਂ ਅੰਦਰ
ਖਿਆਲ ਜਦ ਦਿਲ ਵਿਚ ਆਇਆ ਸੀ

ਲਿਪਟਿਆ ਹੋਇਆ ਨਾਲ ਹੁਸਨ ਦੇ
ਤਦ ਪੱਲਾ ਸਰਕਾਇਆ ਸੀ

ਸੁਰਤ ਸੰਭਾਲਦਿਆਂ ਹੀ ਬੱਚੇ
ਜੋ ਸੜਕਾਂ ਤੇ ਆ ਜਾਂਦੇ ਨੇ



Academy of the Punjab in North America: http://www.apnaorg.com

ਪੇਟ ਦੀ ਅੱਗ ਬੁਝਾਉਣ ਲਈ
ਦਰ ਦਰ ਤੇ ਧੱਕੇ ਖਾਂਦੇ ਨੇ
ਪੂਰੀ ਕਰਦੇ ਲੋੜ ਤੁਹਾਡੀ
ਕੰਮ ਸਮਾਜ ਦੇ ਆਉਂਦੇ ਨੇ
ਵੱਡੇ ਹੋਕੇ ਉਹ ਯਾਰੋ
ਬੂਟ ਤੁਹਾਡੇ ਚਮਕਾਉਂਦੇ ਨੇ
ਉਹ ਵੀ ਸਭ ਕੁਝ ਬਣ ਸਕਦੇ ਨੇ
ਘਾਟ ਉਹਨਾਂ ਵਿਚ ਕਿਹੜੀ ਏ
ਐਸੀ ਕਿਹੜੀ ਕਮੀ ਉਹਨਾਂ ਵਿਚ
ਰੱਬ ਨੇ ਪਾਈ ਜਿਹੜੀ ਏ
ਕਿਹੜਾ ਮੌਕਾ ਮਿਲਿਆ ਉਹਨਾਂ ਨੂੰ
ਢਾਹ ਬੈਠੇ ਜੋ ਢੇਰੀ ਨੇ
ਕਿਹੜੀ ਸੀ ਬੁਰਿਆਈ ਉਹਨਾਂ ਵਿਚ
ਜੋ ਜੰਮਦੇ ਸਾਰ ਸਹੇੜੀ ਏ
ਚੋਰ ਉਚੱਕਾ ਬਣ ਕੇ ਕਿਹੜਾ
ਮਾਂ ਦੇ ਪੇਟ 'ਚੋਂ ਆਉਂਦਾ ਏ
ਜਿਸ ਸਾਂਚੇ ਵਿਚ ਢਾਲ ਦਿਓ
ਉਹ ਵੈਸਾ ਬਣ ਜਾਂਦਾ ਏ
ਰਲ ਮਿਲ ਕੇ ਤੁਸੀਂ ਯਾਰੋ
ਕਰੋ ਕੋਈ ਐਸਾ ਚਾਰਾ ਏ
ਬਿਨਾ ਪੜ੍ਹਨ ਤੋਂ ਕੋਈ ਵੀ ਨਾ
ਰਹੇ ਗਰੀਬ ਵਿਚਾਰਾ ਏ
ਆਓ ਉਹਨਾਂ ਦੀ ਦੁਨੀਆਂ ਵਿਚੋਂ
ਦੂਰ ਹਨੇਰਾ ਕਰ ਦੇਈਏ
ਉਹਨਾਂ ਦੀ ਖਾਲੀ ਝੋਲੀ ਨੂੰ
ਖੁਸ਼ੀਆਂ ਦੇ ਨਾਲ ਭਰ ਦੇਈਏ
ਸੁਧਾਰ ਤਦ ਹੀ ਹੋ ਸਕਦਾ ਹੈ
ਇਹਨਾਂ ਗਰੀਬ ਲਚਾਰਾਂ ਦਾ
ਐਲਾਨ ਮੁਫਤ ਤਾਲੀਮ ਦਾ ਹੋਵੇ
ਹਰ ਸੂਬੇ ਦੀਆਂ ਸਰਕਾਰਾਂ ਦਾ ।

□



Academy of the Punjab in North America: http://www.apnaorg.com

## ਯਾਦ ਕਿਸੇ ਦੀ ਆਉਂਦੀ ਏ

ਯਾਦ ਕਿਸੇ ਦੀ ਆਉਂਦੀ ਹੈ
ਤਦ ਯਾਦ ਕਿਸੇ ਦੀ ਅਉਂਦੀ ਹੈ

ਦਿਨ ਦਾ ਸ਼ਾਮ ਦੇ ਨਾਲ ਜਦੋਂ
ਕੁਦਰਤ ਮੇਲ ਕਰਾਉਂਦੀ ਹੈ

ਬਿੰਦੀ ਸੁਹਾਗ ਦੀ ਮੱਥੇ ਤੇ
ਸੂਰਜ ਦੀ ਟਿੱਕੀ ਲਾਉਂਦੀ ਹੈ

ਸਦੀਆਂ ਦੀ ਦੱਬੀ ਕਹਾਣੀ ਫਿਰ
ਉਭਰ ਕੇ ਬਾਹਰ ਆਉਂਦੀ ਹੈ

ਤਦ ਯਾਦ ਕਿਸੇ ਦੀ ਆਉਂਦੀ ਹੈ
ਫਿਰ ਯਾਦ ਕਿਸੇ ਦੀ ਆਉਂਦੀ ਹੈ

ਤਿੱਤਰ ਖੰਭੀ ਬੱਦਲੀ ਜਦ
ਅਸਮਾਨਾਂ ਤੇ ਛਾ ਜਾਂਦੀ ਹੈ

ਸਤਰੰਗੀ ਮਾਲਾ ਧਰਤੀ ਜਦ
ਅੰਬਰ ਦੇ ਗਲ ਵਿਚ ਪਾਉਂਦੀ ਏ



Academy of the Punjab in North America: http://www.apnaorg.com

ਘੁੰਡ ਚੁਕ ਕੇ ਬਿਜਲੀ ਬੱਦਲ ਦਾ
ਜਦ ਸੈਨਤ ਨਾਲ ਬੁਲਾਉਂਦੀ ਏ

ਜਦ ਸਰਦ ਹਵਾ ਬਰਸਾਤਾਂ ਦੀ
ਸੀਨੇ ਵਿਚ ਅੱਗ ਲਗਾਉਂਦੀ ਏ

ਤਦ ਯਾਦ ਕਿਸੇ ਦੀ ਆਉਂਦੀ ਹੈ
ਫਿਰ ਯਾਦ ਕਿਸੇ ਦੀ ਆਉਂਦੀ ਹੈ

ਤਾਰੇ ਭਰੀਆਂ ਰਾਤਾਂ ਨੂੰ
ਜਦ ਆਕੇ ਚੰਦ ਸਜਾਉਂਦਾ ਏ

ਹਰ ਬੇਲੇ ਤੇ ਹਰ ਕੋਠੇ ਤੇ
ਉਹ ਝਾਤੀ ਆਕੇ ਪਾਉਂਦਾ ਏ

ਕਰਦਾ ਕੋਈ ਪਿਆਰ ਦੀਆਂ ਗੱਲਾਂ
ਕੋਈ ਜੋੜਾ ਨਜ਼ਰੀਂ ਆਉਂਦਾ ਏ

ਦੁਨੀਆਂ ਦੇ ਛਡ ਰਿਵਾਜਾਂ ਨੂੰ
ਜੋ ਪਿਆਰ ਦਾ ਮਹਿਲ ਬਣਾਉਂਦਾ ਏ

ਜਦ ਚੰਨ ਦੀ ਚਾਨਣੀ ਉਹਨਾਂ ਤੇ
ਕਿਰਣਾਂ ਦਾ ਮੀਂਹ ਬਰਸਾਉਂਦੀ ਏ

ਤਦ ਯਾਦ ਕਿਸੇ ਦੀ ਆਉਂਦੀ ਏ
ਫਿਰ ਯਾਦ ਕਿਸੇ ਦੀ ਆਉਂਦੀ ਏ

ਲੰਬੀ ਕਾਲੀ ਰਾਤ ਜਦੋਂ
ਮੁਕਣ ਵਿਚ ਨਹੀਂ ਆਉਂਦੀ ਏ

ਅੱਖਾਂ ਦੀ ਨੀਂਦ ਜਦੋਂ ਯਾਰੋ
ਪਰ ਲਾਕੇ ਕਿਤੇ ਉਡ ਜਾਂਦੀ ਏ

ਬਿਰਹਾ ਦੀ ਮਾਰੀ ਜਦ ਕੋਈ
ਗੀਤ ਵਿਯੋਗ ਦੇ ਗਾਉਂਦੀ ਏ

ਤਦ ਯਾਦ ਕਿਸੇ ਦੀ ਆਉਂਦੀ ਏ
ਤਦ ਯਾਦ ਕਿਸੇ ਦੀ ਆਉਂਦੀ ਏ ।

□



Academy of the Punjab in North America: http://www.apnaorg.com

## ਦਿਲ ਲਗੀ

ਪਿਆਰ ਦੇ ਹੁਣ ਨਾਂ ਤੋਂ
ਨਫ਼ਰਤ ਜਿਹੀ ਕੁਝ ਹੋ ਗਈ

ਪਿਆਰ ਦੀ ਦੁਨੀਆਂ ਮੇਰੀ
ਯਾਰੋ ਜਦੋਂ ਦੀ ਖੋ ਗਈ

ਐਸਾ ਇਸ਼ਕ ਨੇ ਪੀਚਿਆ
ਕਿ ਰੱਤ ਸਾਰੀ 'ਚੋ ਗਈ

ਦਿਲ ਦੀ ਹਰ ਧੜਕਣ ਮੇਰੀ
ਦੁੱਖਾਂ ਗਮਾਂ ਨਾਲ ਛੋਹ ਗਈ

ਮੈਨੂੰ ਬਣਾ ਕੇ ਆਪਣਾ
ਧੋਖਾ ਉਹ ਮੈਨੂੰ ਦੇ ਗਈ

ਉਸ ਦਿਲ ਲਗੀ ਸੀ ਸਮਝਿਆ
ਮੈਂ ਦਿਲ ਨੂੰ ਆਪਣੇ ਲਾ ਲਈ

ਜਿਹੜੇ ਇਸ਼ਾਰੇ ਦੇ ਉਤੇ
ਫੁੱਲ ਸੀ ਮੈਂ ਚਾੜ੍ਹਦਾ



Academy of the Punjab in North America: http://www.apnaorg.com

ਖ਼ੂਨ ਜਿਹਦੀ ਯਾਦ ਦਾ
ਤੁਬਕਾ ਸੀ ਇਕ ਇਕ ਨਾੜ ਦਾ

ਪੂਜਾ ਕਰਕੇ ਜਿਸ ਦੀ
ਮੈਂ ਆਤਮਾ ਸੀ ਠਾਰਦਾ

ਉਹ ਹੀ ਨਜ਼ਰ ਸੀ ਆਉਂਦੀ
ਝਾਤੀ ਮੈਂ ਜਿਧਰ ਮਾਰਦਾ

ਤੜਫਦੀ ਅਜ ਰੂਹ ਮੇਰੀ
ਉਸ ਨੂੰ ਹੈ ਟੋਲਦੀ

ਖ਼ਤਮ ਹੋਈ ਜ਼ਿੰਦਗੀ
ਹੁਣ ਲਾਸ਼ ਹੈ ਇਕ ਬੋਲਦੀ

ਹਰ ਪਿਆਰ ਕਰਨ ਵਾਲੇ ਨੂੰ
ਐਸੀ ਹਾਲਤ ਵਿਚ ਵੇਖਿਆ

ਹੁਸਨ ਦੇ ਦਰਬਾਰ ਵਿਚ
ਮੱਥਾ ਹੈ ਉਸ ਨੇ ਟੇਕਿਆ

ਨਿੱਘ ਨਾ ਦਿਤਾ ਕਿਸੇ ਨੇ
ਐਸਾ ਨਾ ਲੇਖ ਲੇਖਿਆ

ਆਪਣੇ ਹੱਡਾਂ ਦਾ ਬਾਲਣ
ਬਾਲ਼ ਕੇ ਉਸ ਸੇਕਿਆ

ਇਸ਼ਕ ਵਿਚ 'ਕਿਦਾਰ' ਨੇ
ਬਾਜ਼ੀ ਲਗਾਈ ਆਪਣੀ

ਮਰ ਕੇ ਯਾਰੋ ਆਪ ਹੀ
ਅਰਥੀ ਉਠਾਈ ਆਪਣੀ ।

☐



Academy of the Punjab in North America: http://www.apnaorg.com

## ਰੋਸ਼ਨੀ ਦੀ ਕਿਰਨ

ਮੈਂ ਹੱਸਿਆ ਹਾਂ ਜੇਕਰ ਹਸਾਇਆ ਕਿਸੇ ਨੇ
ਮੈਂ ਰੋਇਆਂ ਹਾਂ ਜੇਕਰ ਰੁਆਇਆ ਕਿਸੇ ਨੇ

ਮੈਂ ਉਹ ਹੀ ਉਸ ਨੂੰ ਬਣ ਕੇ ਦਖਾਇਆ ਏ ਦੋਸਤ
ਜੋ ਕੁਝ ਵੀ ਮੈਨੂੰ ਬਣਾਇਆ ਕਿਸੇ ਨੇ

ਮੇਰੀ ਰੋਸ਼ਨੀ ਦੀ ਕਿਰਣ ਹੈ ਗੁਆਚੀ
ਅੰਧੇਰਾ ਮੇਰੇ ਹਰ ਤਰਫ਼ ਛਾ ਗਿਆ ਹੈ

ਉਹਦੀ ਖੋਜ ਵਿਚ ਮੈਂ ਤੇ ਹੋਇਆ ਦੀਵਾਨਾ
ਉਹ ਐਸਾ ਜੁਦਾਈ ਦਾ ਗਮ ਲਾ ਗਿਆ ਹੈ

ਉਹਦੀ ਭਾਲ ਅੰਦਰ ਨੇ ਹਾਸੇ ਗੁਆਚੇ
ਪਰ ਅੱਖਾਂ ਨੂੰ ਰੋਣਾ ਬੜਾ ਆ ਗਿਆ ਹੈ

ਮੈਂ ਭੁਲਣਾ ਵੀ ਚਾਹਵਾਂ ਤੇ ਭੁਲਿਆ ਨਾ ਜਾਵੇ
ਪਤਾ ਨਹੀਂ ਕੀ ਜਾਦੂ ਉਹ ਸਿਰ ਪਾ ਗਿਆ ਹੈ

ਇਹ ਹਾਲਤ ਮੇਰੀ ਹੋਈ ਉਦੋਂ ਦੀ ਯਾਰੋ
ਜਦੋਂ ਪਿਆਰ ਕਰਕੇ ਭੁਲਾਇਆ ਕਿਸੇ ਨੇ



Academy of the Punjab in North America: http://www.apnaorg.com

ਮੈਂ ਹੱਸਿਆਂ ਹਾਂ ਜੇਕਰ ਹਸਾਇਆ ਕਿਸੇ ਨੇ
ਮੈਂ ਰੋਇਆ ਹਾਂ ਜੇਕਰ ਰੁਆਇਆ ਕਿਸੇ ਨੇ

ਮੇਰਾ ਇਸ਼ਕ ਹਾਏ ਪੁਰਾਣਾ ਨਾ ਹੋਇਆ
ਗੁਜ਼ਰੇ ਨੇ ਬੇਸ਼ਕ ਕਈ ਸਾਲ ਯਾਰੋ

ਨਾ ਮਰਿਆ ਨਾ ਇਸ ਉਤੇ ਆਇਆ ਬੁੜਾਪਾ
ਇਹ ਪਕਦਾ ਰਿਹਾ ਹੈ ਉਮਰ ਨਾਲ ਯਾਰੋ

ਮੇਰੀ ਜ਼ਿੰਦਗੀ ਦਾ ਸਹਾਰਾ ਹੈ ਬਣਿਆ
ਇਸ ਪਲ ਪਲ ਵਿਚ ਰਖਿਆ ਹੈ ਮੇਰਾ ਖਿਆਲ ਯਾਰੋ

'ਕਿਦਾਰ' ਦੁਨੀਆਂ 'ਚ ਜੇ ਖੁਸ਼ ਹੈ ਰਹਿਣਾ
ਕਰੋ ਪਿਆਰ ਸਭ ਨੂੰ ਇਕ ਸਾਰ ਯਾਰੋ

ਜਿਸ ਡਾਲ ਤੇ ਹੈ ਫੁੱਲ ਖਿਲਦਾ
ਉਸੇ ਤੇ ਹੁੰਦਾ ਹੈ ਖਾਰ ਯਾਰੋ ।

□



Academy of the Punjab in North America: http://www.apnaorg.com

## ਜੁਦਾਈ ਦਾ ਪਲ

ਇਕ ਇਕ ਪਲ ਜੁਦਾਈ ਦਾ ਜਾਨ ਮੇਰੀ
ਮੈਨੂੰ ਗੁਜ਼ਰਿਆ ਇਕ ਇਕ ਸਾਲ ਕਰਕੇ

ਸੁਪਨੇ ਵਿਚ ਵੀ ਕਦੇ ਨਹੀਂ ਸੋਚਿਆ ਸੀ
ਇਵੇਂ ਜਾਏਂਗਾ ਮੇਰਾ ਤੂੰ ਹਾਲ ਕਰਕੇ

ਕਿਥੇ ਗਏ ਉਹ ਕੌਲ ਇਕਰਾਰ ਚੰਨਾਂ
ਜਿਹੜੇ ਗਿਆ ਸੀ ਤੂੰ ਮੇਰੇ ਨਾਲ ਕਰਕੇ

ਸੁਣੀ ਜਾਵੇਗੀ ਮੇਰੀ ਵੀ ਸ਼ਾਇਦ ਕਿਧਰੇ
ਜਿਉਂਦੀ ਰਹੀ ਮੈਂ ਇਹੋ ਖਿਆਲ ਕਰਕੇ

ਉਹ ਵੀ ਦਿਨ ਸਨ ਮੇਰੇ ਤੇ ਕਦੀ ਚੰਨਾਂ
ਅੱਖਾਂ ਵਿਚ ਬਿਠਾ ਕੇ ਰਖਦਾ ਸੀ

ਲਗ ਜਾਏ ਨਾ ਕਿਸੇ ਦੀ ਨਜ਼ਰ ਕਿਧਰੇ
ਪਰਦਾ ਪਲਕਾਂ ਦਾ ਪਾਕੇ ਢਕਦਾ ਸੀ

ਹੁਣ ਤੇ ਕੱਖਾਂ ਦੇ ਨਾਲੋਂ ਵੀ ਹੋਈ ਹੌਲੀ
ਲੋਕੀ ਹਸਦੇ ਤਕ ਕੇ ਹਾਲ ਮੇਰਾ



Academy of the Punjab in North America: http://www.apnaorg.com

ਐਸਾ ਤੀਰ ਵਿਛੋੜੇ ਦਾ ਮਾਰਿਆ ਹੈ
ਦੁਖਾਂ ਵਿਚ ਬਿੱਜਾ ਵਾਲ ਵਾਲ ਮੇਰਾ
ਜਿਉਂਦੇ ਜੀ ਮੈਂ ਮੋਈ ਹਾਂ ਜੱਗ ਉਤੇ
ਐਸਾ ਰਖਿਆ ਚੰਨਾਂ ਖਿਆਲ ਮੇਰਾ
ਪਰ ਤੇਰੀ ਬੇਵਫਾਈ ਨੂੰ ਕੋਸਿਆ ਨਾ
ਸ਼ਿਕਵਾ ਰਿਹਾ ਸਦਾ ਕਿਸਮਤ ਨਾਲ ਮੇਰਾ
ਮੇਰੀ ਜ਼ਿੰਦਗੀ ਦਾ ਚੰਨਾਂ ਤੂੰ ਮਾਲਕ
ਤੂੰ ਹੀ ਜਿੰਦ ਤੇ ਤੂੰ ਹੀ ਜਾਨ ਮੇਰੀ
ਬੁਰਾ ਕਿਸ ਤਰ੍ਹਾਂ ਤੈਨੂੰ 'ਕਿਦਾਰ' ਆਖਾਂ
ਇਹੋ ਜਲ ਨਾ ਜਾਏ ਜ਼ੁਬਾਨ ਮੇਰੀ ।

□



Academy of the Punjab in North America: http://www.apnaorg.com

# ਦੀਦ ਦੀ ਸਿੱਕ

ਕੰਡਿਆਲੇ ਰਾਹਾਂ ਤੇ ਚਲ ਕੇ ਉਮਰ ਸਾਰੀ
ਪੈਰ ਸੂਲਾਂ ਨਾਲ ਲਏ ਪਰੋ ਯਾਰੋ

ਫਿਰ ਵੀ ਫੁੱਲ ਨਾ ਹੋਏ ਨਸੀਬ ਸਾਨੂੰ
ਏਡਾ ਕਿਸਮਤ ਨੇ ਕੀਤਾ ਧਰੋ ਯਾਰੋ

ਹਨੇਰੇ ਵਿਚ ਰਹੇ ਏਸੇ ਹੀ ਆਸ ਅੰਦਰ
ਕਿਤੇ ਪਿਆਰ ਦੀ ਮਿਲੇਗੀ ਲੋ ਯਾਰੋ

ਕਹਿ ਦਿਓ ਕਿ ਆਖਰੀ ਘੜੀ ਆਈ
ਆਕੇ ਸਾਹਮਣੇ ਜਾਏ ਖਲੋ ਯਾਰੋ

ਪਹਿਲਾਂ ਜ਼ਿੰਦਗੀ ਨੂੰ ਅਸੀਂ ਤਰਸਦੇ ਸੀ
ਹੁਣ ਤੇ ਮੌਤ ਵੀ ਸਾਨੂੰ ਤਰਸਾਉਣ ਲਗੀ

ਹਸਰਤ ਦੀਦ ਦੀ ਰਹੀ ਜੋ ਦਿਲ ਅੰਦਰ
ਸਾਨੂੰ ਮੌਤ ਵੀ ਨਹੀਂ ਹੈ ਆਣ ਲਗੀ

ਕੀ ਪੁਛ ਦਾ ਏਂ ਤੈਥੋਂ ਜੁਦਾ ਹੋਕੇ
ਵਕਤ ਕਿਸ ਤਰ੍ਹਾਂ ਅਸੀਂ ਗੁਜ਼ਾਰਿਆ ਏ



Academy of the Punjab in North America: http://www.apnaorg.com

ਖਾ ਖਾ ਕੇ ਲੋਕਾਂ ਦੇ ਅਸੀਂ ਪੱਥਰ
ਹਰ ਮੋੜ ਤੇ ਤੈਨੂੰ ਪੁਕਾਰਿਆ ਏ

ਤੇਰੀ ਯਾਦ ਨੂੰ ਰਖ ਕੇ ਵਿਚ ਸੀਨੇ
ਆਹਾਂ ਹੰਝੂਆਂ ਨਾਲ ਸ਼ਿੰਗਾਰਿਆ ਏ

ਤੇਰੇ ਰੂਪ ਦਾ ਲੈ ਕੇ ਅਕਸ ਅਸੀਂ
ਦਿਲ ਦੀ ਝੀਲ ਦੇ ਵਿਚ ਉਤਾਰਿਆ ਏ

ਮੈਂ ਨਹੀਂ ਜਾਣਦਾ ਕੀ ਹੈ ਪਿਆਰ ਹੁੰਦਾ
ਤੇ ਕੀ ਇਸ ਦੀ ਹੁੰਦੀ ਪਹਿਚਾਣ ਯਾਰੋ

ਪਰ 'ਕੱਲੇਪਣ 'ਚ ਜਦੋਂ ਉਦਾਸ ਹੋਵਾਂ
ਉਦੋਂ ਸਾਥ ਕੋਈ ਦਿੰਦਾ ਹੈ ਆਣ ਯਾਰੋ

ਦਿਲ ਨੂੰ ਬੜਾ ਸਮਝਾ ਕੇ ਰਖਿਆ ਸੀ
ਕਸਮ ਅਣਖ ਦੀ ਇਹਨੂੰ ਸੀ ਪਾ ਦਿਤੀ

ਉਹਨੂੰ ਕਿਹਾ ਮੈਂ ਕੈਸ ਤੇ ਸੀ ਪਾਗ਼ਲ
ਜਿਹਨੇ ਇਸ਼ਕ ਵਿਚ ਜਾਨ ਗੁਆ ਦਿਤੀ

ਨਿਰਾ ਘਾਟਾ ਹੀ ਘਾਟਾ ਇਸ ਵਣਜ ਅੰਦਰ
ਇਹੋ ਗੱਲ ਵੀ ਇਹਨੂੰ ਸਮਝਾ ਦਿਤੀ

ਇਹਦੇ ਦਰ ਤੇ ਫਿਰ ਵੀ ਕਦਮ ਰੁਕ ਗਏ
ਬਿਨਾ ਸੋਚਿਉਂ ਅਲਖ ਜਗਾ ਦਿਤੀ

ਝੋਲੀ ਵਿਚ ਪਾਕੇ ਸਾਰੇ ਦੁਖ ਉਹਦੇ
ਦੇ ਦਿਤੀ ਅਸੀਸ ਵਿਚ ਜਾਨ ਯਾਰੋ

ਦੂਜੇ ਲਈ 'ਕਿਦਾਰ' ਕੁਰਬਾਨ ਹੋਣਾ
ਇਹੋ ਇਸ਼ਕ ਦਾ ਹੈ ਇਮਾਨ ਯਾਰੋ ।

□



Academy of the Punjab in North America: http://www.apnaorg.com

## ਗੁਥੀ ਜ਼ਿੰਦਗੀ ਦੀ

ਗੁਥੀ ਜ਼ਿੰਦਗੀ ਦੀ ਐਸੀ ਉਲਝ ਗਈ ਹੈ
ਲਭਦਾ ਸਿਰਾ ਨਾ ਢੂੰਡ ਕੇ ਖਪ ਗਈ ਹਾਂ

ਕਿਥੋਂ ਸ਼ੁਰੂ ਹੋਈ ਕਿਥੇ ਖ਼ਤਮ ਹੋਣੀ
ਗਈ ਅੱਧ ਵਿਚਕਾਰ ਜਾਂ ਟਪ ਗਈ ਹਾਂ

ਮੰਜ਼ਿਲ ਖੁਸ਼ੀਆਂ ਦੀ ਆਈ ਨਾ ਪਾਸ ਮੇਰੇ
ਦੌੜ ਦੌੜ ਕੇ ਮੈਂ ਤੇ ਹੱਫ ਗਈ ਹਾਂ

ਲਿਸ਼ਕਾਰੇ ਮਾਰਦੀ ਸੀ ਮੈਂ ਵੀ ਕਦੀ ਅੜੀਓ
ਹੁਣ ਤੇ ਵਕਤ ਦੀ ਧੂੜ ਨਾਲ ਛੁਪ ਗਈ ਹਾਂ

ਮੈਂ ਤੇ ਸੋਚਿਆ ਸੁਖਾਂ ਦੀ ਘੜੀ ਆਈ
ਹੁਣ ਦੁਖਾਂ ਤੋਂ ਮਿਲੀ ਨਜਾਤ ਮੈਨੂੰ

ਪਰ ਬੀਤੀ ਜ਼ਿੰਦਗੀ ਬਣ ਗਈ ਜ਼ਹਿਰ ਮੇਰੀ
ਜਿਹੜੀ ਲਗੀ ਸੀ ਆਬੇਹਿਆਤ ਮੈਨੂੰ

ਸੋਚਾਂ ਸੋਚਦੇ ਗੁਜ਼ਰ ਗਈ ਉਮਰ ਸਾਰੀ
ਨਾ ਮੈਂ ਆਰ ਲਗੀ ਨਾ ਮੈਂ ਪਾਰ ਲਗੀ



Academy of the Punjab in North America: http://www.apnaorg.com

ਸ਼ਾਮ ਆਈ ਬੁੜਾਪੇ ਦੀ ਜਦੋਂ ਸਿਰ ਤੇ
ਉਹਦੇ ਸਫ਼ਰ ਨੂੰ ਹੋਣ ਤਿਆਰ ਲਗੀ

ਅਸਲ ਜ਼ਿੰਦਗੀ ਦਾ ਕਿਹੜਾ ਰਾਹ ਹੈ ਸੀ
ਮੁਕਿਆ ਪੰਧ ਤੇ ਕਰਨ ਵਿਚਾਰ ਲਗੀ

ਬੀਤ ਗਏ ਜਵਾਨੀ ਦੇ ਦਿਨ ਜਦੋਂ
ਨੀ ਮੈਂ ਬੈਠ ਕੇ ਕਰਨ ਸ਼ਿੰਗਾਰ ਲਗੀ

ਸਹਾਰਾ ਲੈਕੇ ਤੇਰੀਆਂ ਰਹਿਮਤਾਂ ਦਾ
ਗੁਨਾਹ ਕਰਨ ਮੈਂ ਬੇਸ਼ੁਮਾਰ ਲਗੀ

ਧੋਣ ਵਾਸਤੇ ਖੂਨ ਦੇ ਹਥ ਅੜੀਓ
ਦਾਨ ਪੁੰਨ ਮੈਂ ਕਰਨ ਹਜ਼ਾਰ ਲਗੀ ।

□



Academy of the Punjab in North America: http://www.apnaorg.com

## ਦੀਵਾਨਾਪਨ

ਮੁਕੱਦਰ ਵਿਚ ਮੇਰੇ ਜੇ ਰੋਣਾ ਹੀ ਲਿਖਿਆ
ਤੇਰੀ ਬੇਵਫ਼ਾਈ ਦਾ ਕਾਹਦਾ ਗਿਲਾ ਹੈ

ਇਹ ਹੰਝੂ ਇਹ ਆਹਾਂ ਵਿਚ ਘੁਲ ਘੁਲ ਕੇ ਮਰਨਾ
ਤੇਰੇ ਪਿਆਰ ਅੰਦਰ ਬਹੁਤ ਕੁਝ ਮਿਲਾ ਹੈ

ਤੇਰੇ ਚਾਹਣ ਦੀ ਦਿਲ ਵਿਚ ਹਸਰਤ ਸੀ ਰਖੀ
ਇਹ ਉਹਨਾਂ ਖਿਆਲਾਂ ਦਾ ਮਿਲਿਆ ਸਿਲਾ ਹੈ

ਮੇਰੇ ਹੰਝੂਆਂ ਦਾ ਜਾਂ ਸੀ ਖਾਰਾ ਪਾਣੀ
ਮੇਰੇ ਦਿਲ ਦਾ ਗੁਨਚਾ ਨਾ ਤਾਹੀਓਂ ਖਿਲਾ ਹੈ

ਸੁਲਗਦੀ ਰਹੀ ਅਗ ਸੀਨੇ 'ਚ ਐਸੀ
ਮੈਂ ਆਪਣੀ ਤਪਸ਼ ਵਿਚ ਖੁਦ ਜਲ ਗਿਆ ਹਾਂ

ਮੈਂ ਲਭਦਾ ਹੋਇਆ ਤੈਨੂੰ ਐਸਾ ਗੁਆਚਾ
ਕਿ ਦੁਖਾਂ ਤੇ ਦਰਦਾਂ ਦੇ ਨਾਲ ਮਿਲ ਗਿਆ ਹਾਂ

ਤੇਰੀ ਮੁਸਕਰਾਹਟ ਮੇਰੀ ਜ਼ਿੰਦਗੀ ਹੈ
ਤੇਰੇ ਉਤੋਂ ਦੁਨੀਆ ਦੀ ਜੰਨਤ ਫਿਦਾ ਹੈ



Academy of the Punjab in North America: http://www.apnaorg.com

ਮੇਰਾ ਹਰ ਕਦਮ ਤੇਰੀ ਰਾਹ ਉੱਤੇ ਉੱਠੇ,
ਫਿਰ ਕੌਣ ਆਖੇ ਤੂੰ ਮੈਥੋਂ ਜੁਦਾ ਹੈਂ

ਤੇਰਾ ਨਾਮ ਜਪਦਾ ਮੈਂ ਦਿਨੇ ਰਾਤ ਰਹਿੰਦਾ
ਮੇਰੇ ਵਾਸਤੇ ਬਸ ਤੂੰ ਹੀ ਖ਼ੁਦਾ ਹੈਂ

ਬੜਾ ਹੀ ਮਜ਼ਾ ਇਸ ਦੀਵਾਨਗੀ ਵਿਚ
ਲੋਕੀਂ ਕਹਿਣ ਮੈਨੂੰ ਹੋਇਆ ਜੁਦਾ ਹੈ

ਤੇਰੇ ਪਿਛੇ ਹੋਇਆ ਹੈ ਕੀ ਹਾਲ ਮੇਰਾ
ਪਤਾ ਤੈਨੂੰ ਲਗੇ ਨਾ ਮੇਰੀ ਦੁਆ ਹੈ

ਤੇਰਾ ਦਰਦ ਦਿਲ ਦੀ ਦਵਾ ਬਣ ਗਿਆ ਹੈ
ਚੂਣ ਰਾਜ਼ੀ ਹਾਂ ਓਸ ਵਿਚ ਜੋ ਤੇਰੀ ਰਜ਼ਾ ਹੈ ।

□



Academy of the Punjab in North America: http://www.apnaorg.com

## ਜ਼ੋਰਾਵਰ

ਰਾਤ ਆਉਣ ਦੀ ਕੌਣ ਉਡੀਕ ਕਰਦਾ
ਲੋਕੀਂ ਦਿਨ ਨੂੰ ਰਾਤ ਬਣਾ ਲੈਂਦੇ
ਬਾਤ ਬਣਦੀ ਬੇਸ਼ਕ ਨਾ ਨਜ਼ਰ ਆਵੇ
ਬਦੋ ਬਦੀ ਉਹ ਬਾਤ ਬਣਾ ਲੈਂਦੇ
ਰਖਦਾ ਹੋਵੇ ਖਿਆਲ ਉਹ ਭਾਵੇਂ ਕਿਹੜੇ
ਲੋਕੀਂ ਹਮ ਖਿਆਲ ਬਣਾ ਲੈਂਦੇ
ਬਿਨਾਂ ਮਰਜ਼ੀਓਂ ਚਲ ਕੇ ਕੋਲ ਆਵੇ
ਲੋਕੀਂ ਐਸੇ ਹਾਲਾਤ ਬਣਾ ਲੈਂਦੇ
ਰੰਗ ਰੂਪ ਸਭ ਓਸ ਦਾ ਬਦਲ ਜਾਂਦਾ
ਆਪਣੇ ਸਾਂਚੇ ਵਿਚ ਇਸ ਤਰ੍ਹਾਂ ਢਾਲ ਲੈਂਦੇ
ਦੁਨੀਆਂ ਵਿਚ 'ਕਿਦਾਰ' ਫਿਰ ਕੰਮ ਕਿਹੜਾ
ਜਿਹੜਾ ਨਹੀਂ ਹੈ ਉਸ ਦੇ ਨਾਲ ਲੈਂਦੇ ।

□



Academy of the Punjab in North America: http://www.apnaorg.com

## ਖੁਸ਼ੀਆਂ ਦੇ ਝਰਨੇ

ਕਸ਼ਕੋਲ ਬਣਾ ਕੇ ਅੱਖਾਂ ਦੇ
ਮੈਂ ਅੱਖਾਂ ਥਲੇ ਧਰ ਲਏ ਸੀ

ਡੁਲ੍ਹਦੇ ਹੋਏ ਉਹਦੀਆਂ ਅੱਖਾਂ 'ਚੋਂ
ਮੈਂ ਹਾਸੇ ਸਾਰੇ ਭਰ ਲਏ ਸੀ

ਸਦੀਆਂ ਦੇ ਪਿਆਸੇ ਨੈਣ ਮੇਰੇ
ਸੋਕੇ ਦੇ ਪੱਲੇ ਪੈ ਗਏ ਸੀ

ਇਕ ਬੂੰਦ ਦੀਦ ਦੀ ਲਭੀ ਨਾ
ਸਾਰੀ ਉਮਰ ਤਰਸਦੇ ਰਹਿ ਗਏ ਸੀ

ਸਿਤਾਰੇ ਅੱਜ ਮੇਰੀ ਕਿਸਮਤ ਦੇ
ਮੈਨੂੰ ਕਿੰਨਾ ਉਚਾ ਲੈ ਗਏ ਸੀ

ਉਹਦੇ ਆਣ ਨਾਲ ਅੱਖਾਂ ਦੇ ਵਿਚੋਂ
ਖੁਸ਼ੀਆਂ ਦੇ ਝਰਨੇ ਵਹਿ ਗਏ ਸੀ

ਜਿਵੇਂ ਕੋਈ ਮਾਰੂਥਲ ਹੋਵੇ
ਇਹ ਨਕਸ਼ਾ ਮੇਰੇ ਘਰ ਦਾ ਸੀ



Academy of the Punjab in North America: http://www.apnaorg.com

ਉਡੀਕ ਬਹਾਰਾਂ ਦੀ ਬੈਠਾ
ਮੈਂ ਰੋਜ਼ ਹੀ ਯਾਰੋ ਕਰਦਾ ਸੀ
ਉਹਦੇ ਫਿਰ ਮਿੱਠੇ ਬੋਲਾਂ ਨੂੰ
ਕੁਝ ਐਸਾ ਜਾਦੂ ਕਰ ਗਿਆ ਸੀ
ਕਿਰ ਕਿਰ ਕੇ ਉਹਦੇ ਬੁੱਲ੍ਹਾਂ 'ਚੋਂ
ਫੁੱਲਾਂ ਨਾਲ ਵਿਹੜਾ ਭਰਿਆ ਸੀ ।

□



Academy of the Punjab in North America: http://www.apnaorg.com

## ਪੁੰਨ ਪਾਪ

ਤੇਰੀ ਯਾਦ ਦੇ ਵਿਚ ਹੈ ਜਿੱਤ ਮੇਰੀ
ਤੇਰੇ ਭੁੱਲਣ ਨਾਲ ਬਾਜ਼ੀ ਹੀ ਮਾਤ ਹੁੰਦੀ
ਤੇਰੇ ਹੱਸਣ ਨਾਲ ਚੜ੍ਹਦਾ ਹੈ ਦਿਨ ਮੈਨੂੰ
ਤੇਰੇ ਰੁਸਣ ਨਾਲ ਮੇਰੀ ਤੇ ਰਾਤ ਹੁੰਦੀ
ਦੇਖ ਲਵਾਂ ਜੋ ਕੜਕਦੀ ਧੁੱਪ ਅੰਦਰ
ਮੇਰੀਆਂ ਅੱਖੀਆਂ ਲਈ ਬਰਸਾਤ ਹੁੰਦੀ
ਤੇਰੀ ਗੁੱਸੇ ਵਿਚ ਦਿੱਤੀ ਹੋਈ ਝਿੜਕ ਗੋਰੀ
ਮੇਰੇ ਵਾਸਤੇ ਬੜੀ ਸੁਗਾਤ ਹੁੰਦੀ
ਮੇਰੇ ਦਿਲ ਦਿਮਾਗ ਵਿਚ ਵਸੀ ਹੋਈ ਏ
ਇਸ ਵਿਚ ਕੀ ਮੈਨੂੰ ਇਨਕਾਰ ਅੜੀਏ
ਚਾਹੇ ਪੁੰਨ ਕਹਿ ਲੈ ਚਾਹੇ ਪਾਪ ਕਹਿ ਲੈ
ਤੇਰੇ ਨਾਲ ਹੈ ਮੈਨੂੰ ਪਿਆਰ ਅੜੀਏ ।

□



Academy of the Punjab in North America: http://www.apnaorg.com

## ਆਸ

ਸੱਚੇ ਪਿਆਰ ਵਿਚ ਅਸਰ ਜ਼ਰੂਰ ਹੁੰਦਾ
ਖਿੱਚੀ ਆਵੇਗੀ ਮੇਰੀ ਸਰਕਾਰ ਇਕ ਦਿਨ

ਖਾਲੀ ਦਿਲ ਦੀ ਨਹੀਂ ਆਵਾਜ਼ ਜਾਂਦੀ
ਸੁਣੀ ਜਾਵੇਗੀ ਮੇਰੀ ਪੁਕਾਰ ਇਕ ਦਿਨ

ਦਿਲ ਧੜਕਦਾ ਕਾਬੂ ਵਿਚ ਨਹੀਂ ਰਹਿੰਦਾ
ਇਹ ਤੇ ਹੌਕੇ ਰਹਿੰਦਾ ਨਸਾਰ ਇਕ ਦਿਨ

ਖਿਜ਼ਾਂ ਨਹੀਂ ਜੁਦਾਈ ਦੀ ਸਦਾ ਰਹਿੰਦੀ
ਮਿਲਣ ਵਾਲੀ ਆਉਂਦੀ ਬਹਾਰ ਇਕ ਦਿਨ

ਇਕ ਦਿਨ ਮਿਲੇਗਾ ਪ੍ਰੀਤਮ ਜ਼ਰੂਰ ਮੇਰਾ
ਇਹ ਦਿਲ ਅੰਦਰ ਪੂਰੀ ਆਸ ਮੈਨੂੰ

ਉਹਦੀ ਭਾਲ ਵਿਚ ਉਮਰ 'ਕਿਦਾਰ' ਬੀਤੀ
ਪਰ ਲਗੀ ਹੋਈ ਹੈ ਅਜੇ ਵੀ ਆਸ ਮੈਨੂੰ ।

□



Academy of the Punjab in North America: http://www.apnaorg.com

## ਕੁਰਬਾਨੀ

ਖੁਸ਼ਬੂ ਏਵੇਂ ਮਿਲਦੀ ਨਹੀਂ
ਦੁੱਖਾਂ ਨੂੰ ਝਲਣਾ ਪੈਂਦਾ ਏ
ਤਾਂਈਓਂ ਤਾਂ ਦੇਖੋ ਫੁੱਲਾਂ ਨੂੰ
ਕੰਡਿਆਂ ਵਿਚ ਪਲਣਾ ਪੈਂਦਾ ਏ

ਖੋਟ ਨੂੰ ਬਾਹਰ ਕੱਢਣ ਲਈ
ਭੱਠੀ ਵਿਚ ਗਲਣਾ ਪੈਂਦਾ ਏ
ਕੁੰਦਨ ਬਣਨਾ ਕੋਈ ਖੇਲ੍ਹ ਨਹੀਂ
ਅੱਗ ਦੇ ਵਿਚ ਜਲਣਾ ਪੈਂਦਾ ਏ

ਦਿਲਬਰ ਨੂੰ ਜਿਸ ਨੇ ਮਿਲਣਾ ਏ
ਉਹ ਸੋਚਾਂ ਦਿਲ ਵਿਚ ਸੋਚਦੇ ਨਹੀਂ
ਠਿੱਲ ਜਾਂਦੇ ਵਿਚ ਦਰਿਆ ਦੇ ਉਹ
ਕੋਈ ਕੱਚਾ ਪੱਕਾ ਵੇਖਦੇ ਨਹੀਂ ।

□



Academy of the Punjab in North America: http://www.apnaorg.com

## ਸ਼ੈਤਾਨ

ਕਿਸੇ ਦੀਆਂ ਮਜਬੂਰੀਆਂ ਦਾ
ਜੇ ਕੋਈ ਫਾਇਦਾ ਉਠਾਉਂਦਾ ਹੈ
ਉਹਨੂੰ ਇਨਸਾਨ ਨਾ ਸਮਝੋ
ਕੋਈ ਸ਼ੈਤਾਨ ਹੁੰਦਾ ਹੈ
ਜੋ ਨਾਂ ਲੈਕੇ ਮੁਹੱਬਤ ਦਾ
ਮਿਟਾਵੇ ਹਵਸ ਆਪਣੀ ਨੂੰ
ਉਹ ਆਸ਼ਕ ਨਹੀਂ ਸੱਚਾ
ਕੋਈ ਸ਼ੈਤਾਨ ਹੁੰਦਾ ਹੈ
ਜੋ ਭੁੱਖਾ ਰਹਿ ਕੇ ਖੁਦ ਆਪ
ਕਿਸੇ ਦੀ ਭੁਖ ਮਿਟਾ ਦੇਵੇ
ਉਹ ਇਨਸਾਨ ਨਹੀਂ ਯਾਰੋ
ਕੋਈ ਭਗਵਾਨ ਹੁੰਦਾ ਹੈ
ਜੋ ਪੱਲੇ ਕੁਝ ਭੀ ਹੁੰਦਿਆਂ ਨਾ
ਪਰ ਹਸਰਤ ਦੇਣ ਦੀ ਰਖੇ
ਉਹਨੂੰ ਕੰਗਾਲ ਨਾ ਸਮਝੋ
ਕੋਈ ਧੰਨਵਾਨ ਹੁੰਦਾ ਏ ।

□



Academy of the Punjab in North America: http://www.apnaorg.com

## ਭੁਲੇਖਾ

ਮਸਤਾਨਿਆਂ ਤੇ ਦੀਵਾਨਿਆਂ ਉਇ
ਭੌਰੇ ਵਾਂਗ ਨਾ ਭਉਂ ਤੂੰ ਕਲੀ ਨਹੀਂ ਇਹ

ਤੇਰੇ ਦੁੱਖ ਦੀ ਸਾਰ ਇਹ ਕੀ ਜਾਣੇ
ਆਪੂੰ ਕੰਡਿਆਂ ਦੇ ਵਿਚ ਪਲੀ ਨਹੀਂ ਇਹ

ਰੰਗ ਰੂਪ ਝੂਠਾ ਜਾਨੀ ਜਾਨ ਇਹਦਾ
ਸਚੇ ਗਿਆਨ ਦੇ ਸਾਂਚੇ ਵਿਚ ਢਲੀ ਨਹੀਂ ਇਹ

ਕਸੌਟੀ ਅਕਲ ਦੀ ਲੈ ਕੇ 'ਕਿਦਾਰ' ਪਰਖੀ
ਰੋਲਡ ਗੋਲਡ ਹੈ ਸੋਨੇ ਦੀ ਡਲੀ ਨਹੀਂ ਇਹ ।

□



Academy of the Punjab in North America: http://www.apnaorg.com

## ਧਰਮ ਖ਼ਤਰੇ ਵਿਚ

ਧਰਮ ਖਤਰੇ ਵਿਚ ਹੈ ਇਹਦੇ ਬਚਾਓ ਵਾਸਤੇ
ਮਜ਼ਹਬ ਦੀ ਚੰਖਟ ਤੇ ਬਲੀ ਚੜ੍ਹ ਗਿਆ ਇਨਸਾਨ ਹੈ

ਆਦਮੀ ਔਰਤਾਂ ਕੁਰਬਾਨ ਤੇ ਕੀਤੇ ਗਏ
ਮਾਸੂਮ ਬੱਚਿਆਂ ਦਾ ਵੀ ਹੋ ਗਿਆ ਬਲੀਦਾਨ ਹੈ

ਕੁਝ ਜ਼ੋਰਾਵਰ ਲੋਕ ਜੋ ਤਾਕਤ ਵਿਚ ਮਗਰੂਰ ਸਨ
ਬੰਦੇ ਨੂੰ ਏਵੇਂ ਸਮਝਿਆ ਜਿਵੇਂ ਕੋਈ ਹੈਵਾਨ ਹੈ

ਜ਼ੁਲਮ ਕਰਨ ਵਾਲੇ ਨੇ ਇਹ ਕਦੇ ਨਹੀਂ ਸੋਚਿਆ
ਚਾਰ ਦਿਨ ਦਾ ਉਹ ਵੀ ਦੁਨੀਆਂ ਵਿਚ ਮਹਿਮਾਨ ਹੈ

ਆਪਣੇ ਦੇਸ਼ ਦਾ ਕੀ ਹਾਲ ਦਸਾਂ ਦੋਸਤੋ
ਸਹਿਮੇ ਸਹਿਮੇ ਚਿਹਰੇ ਲਗਣ ਮੁੱਠੀ ਦੇ ਵਿਚ ਜਾਨ ਹੈ

ਐ ਖੁਦਾ ਦੁਨੀਆਂ ਦੇ ਵਿਚ ਸ਼ੈਤਾਨ ਦੀ ਕੀ ਲੋੜ ਹੁਣ
ਆਦਮੀ ਹੀ ਸਭ ਤੋਂ ਵੱਡਾ ਬਣ ਗਿਆ ਸ਼ੈਤਾਨ ਹੈ

ਕਿਸ ਦੇ ਮੱਥੇ ਦੋਸ਼ ਮੜ੍ਹੀਏ ਕਿਸ ਦਾ ਹੈ ਯਾਰੋ ਕਸੂਰ
ਦੋ ਪੁੜਾਂ ਦੇ ਵਿਚ ਆਦਮੀ ਦਾ ਮਿਟ ਰਿਹਾ ਨਿਸ਼ਾਨ ਹੈ।

□



Academy of the Punjab in North America: http://www.apnaorg.com

## ਆਦਮੀ

ਲੈਕੇ ਦੌਲਤ ਦੀ ਕਸੌਟੀ ਕਾਬਲੀਅਤ ਪਰਖਦੇ
ਆਦਮੀ ਅੱਜ ਆਦਮੀ ਦੀ ਭੁਲਿਆ ਪਹਿਚਾਣ ਹੈ
ਐ ਮੇਰੇ ਲੇਖਕ ਭਰਾਓ ਵਾਸਤਾ ਹੈ ਕਲਮ ਦਾ
ਇਨਸਾਨੀਅਤ ਦਾ ਸਬਕ ਦੇਣਾ ਜੋ ਕੋਈ ਨਾਦਾਨ ਹੈ
ਦੂਜੇ ਦੇ ਭਲੇ ਵਾਸਤੇ 'ਕਿਦਾਰ' ਜਿਸ ਨੇ ਸੋਚਿਆ
ਮੇਰੀਆਂ ਨਜ਼ਰਾਂ ਦੇ ਵਿਚ ਉਹ ਆਦਮੀ ਮਹਾਨ ਹੈ।

☐



Academy of the Punjab in North America: http://www.apnaorg.com

## ਕਾਸ਼ਨੀ ਅੱਖਾਂ

ਇਕ ਕਾਸ਼ਨੀ ਉਹਦੀ ਅੱਖਾਂ ਦੀ ਰੰਗਤ
ਉਹਦੇ ਉਤੇ ਹਾਏ ਕਜਲੇ ਦੀ ਧਾਰੀ

ਉਹ ਲੁਟਿਆ ਗਿਆ ਹਾਏ ਪੁਟਿਆ ਗਿਆ
ਜਿਹਦੇ ਉਤੇ ਉਸ ਨੇ ਜ਼ਰਾ ਨਜ਼ਰ ਮਾਰੀ

ਤਸ਼ਬੀਹ ਦਿਆਂ ਮੈ ਕੀਹਦੇ ਨਾਲ ਉਹਦੀ
ਲਭੀ ਕਲੀ ਨਾ ਕੋਈ ਮੈਨੂੰ ਚਮਨ ਦੀ

ਚਿਲਮ 'ਚੋਂ ਜਿਵੇਂ ਲਾਟ ਸੁਲਫੇ ਦੀ ਨਿਕਲੇ
ਬੱਸ ਐਸੀ ਹੀ ਰੰਗਤ ਸੀ ਉਹਦੇ ਬਦਨ ਦੀ

ਤੁਰੀ ਜਾਂਦੀ ਜਾਂਦੀ ਨੇ ਕੀਤੇ ਸ਼ਰਾਬੀ
ਜਿਨ੍ਹਾਂ ਪਾਰਸਾਈ ਦੇ ਦਾਅਵੇ ਸੀ ਕੀਤੇ

ਛਲਕਦੇ ਹੋਏ ਜਾਮ ਅੱਖਾਂ 'ਚੋਂ ਉਹਦੇ
ਕਿਸੇ ਸਾਹਮਣੇ, ਕਿਸੇ ਚੋਰੀ ਸੀ ਪੀਤੇ ।

□



Academy of the Punjab in North America: http://www.apnaorg.com

## ਹੁਸਨ ਦਾ ਸੁਹੱਪਣ

ਲਿਸ਼ਕਾਂ ਉਹਦੀ ਬਿੰਦੀ ਦੀਆਂ
ਕੁਝ ਐਸਾ ਰੰਗ ਜਮਾਉਂਦੀਆਂ ਸੀ
ਛਣ ਛਣ ਕੇ ਜਿਵੇਂ ਪੱਤਿਆਂ 'ਚੋਂ
ਸੂਰਜ ਦੀਆਂ ਕਿਰਣਾਂ ਆਉਂਦੀਆਂ ਸੀ
ਝਲਕ ਬੁਲਾਕ ਦੀ ਇਵੇਂ ਜਾਪੇ
ਜੋ ਨੱਕ ਵਿਚ ਉਸਨੇ ਪਾਇਆ ਸੀ
ਤਾਲਾ ਜਿਵੇਂ ਹੁਸਨ ਖਜ਼ਾਨੇ ਨੂੰ
ਉਸ ਹੁਸਨ ਪਰੀ ਨੇ ਲਾਇਆ ਸੀ
ਕੀ ਦਸਾਂ ਨਾਜ਼ਕਪਣ ਉਹਦਾ
ਜਦ ਸਾਹਮਣੇ ਆਣ ਖਲੋ ਜਾਵੇ
ਨਜ਼ਰਾਂ ਦਾ ਭਾਰ ਨਾ ਸਹਿ ਸਕੇ
ਉਹ ਸ਼ਰਮ ਨਾਲ ਦੋਹਰੀ ਹੋ ਜਾਵੇ
ਗੱਲ ਕੀ ਉਹ ਹੁਸਨਾਂ ਦੀ ਦੇਵੀ
ਪੈਰ ਵੀ ਜਿਥੇ ਧਰਦੀ ਸੀ
ਉਹ ਥਾਂ ਚੰਦਨ ਬਣ ਜਾਂਦੀ ਸੀ
ਤੇ ਨਾਲ ਮਹਿਕ ਦੇ ਭਰਦੀ ਸੀ।

□



Academy of the Punjab in North America: http://www.apnaorg.com

## ਬੇਬਸ

ਉਸ ਨੀਲੀ ਗਹਿਰੀ ਝੀਲ ਦਾ
ਜਿਸ ਦਾ ਬੜਾ ਵਿਸਤਾਰ ਸੀ

ਜਿਸਨੂੰ ਕਿਸੇ ਨੇ ਅਜੇ ਤਕ
ਯਾਰੋ ਨਾ ਕੀਤਾ ਪਾਰ ਸੀ

ਹੰਝੂਆਂ ਦੇ ਸਾਹਮਣੇ
ਬੇਬਸ ਹੋ ਕੇ ਰਹੀ ਹੈ

ਇਕ ਚੁਲੂ ਪਾਣੀ ਵਿਚ
ਅਜ ਆਪ ਡੁਬੀ ਪਈ ਹੈ ।

□



Academy of the Punjab in North America: http://www.apnaorg.com

## ਹੰਝੂਆਂ ਦੇ ਸੋਮੇ

ਜਿਨ੍ਹਾਂ ਅੱਖਾਂ ਦੇ ਵਿਚੋਂ ਹਰ ਦਮ
ਪਿਆਰ ਛਲਕਦਾ ਰਹਿੰਦਾ ਸੀ

ਖਿਲਦੇ ਹੋਏ ਫੁੱਲਾਂ ਦਾ
ਜਿਥੋਂ ਝਲਕਾਰਾ ਪੈਂਦਾ ਸੀ

ਥੱਕੇ ਥੱਕੇ ਸਾਹਾਂ ਦਾ
ਜਿਥੋਂ ਕੋਈ ਸਹਾਰਾ ਲੈਂਦਾ ਸੀ

ਬੋਝਲ ਪਲਕਾਂ ਦੇ ਅੰਦਰ
ਜਿਥੇ ਸ਼ਰਮ ਦਾ ਸਾਗਰ ਵਹਿੰਦਾ ਸੀ

'ਕਿਦਾਰ' ਉਹ ਕਜਲਾਈਆਂ ਅੱਖਾਂ
ਕਿਸ ਦੁਨੀਆਂ ਵੱਲ ਚਲ ਗਈਆਂ

ਫੁਟ ਪਏ ਹੰਝੂਆਂ ਦੇ ਸੋਮੇ
ਖਰ ਖਰ ਕੇ ਸਭ ਗਲ ਗਈਆਂ ।



Academy of the Punjab in North America: http://www.apnaorg.com

## ਵੇਲਾ

ਧੁੱਪ ਸੇਕਦਾ ਨਾ ਰਹਿ ਜਾਵੀਂ
ਮੈਂ ਤੈਨੂੰ ਸਮਝਾਵਾਂ
ਉਠ ਕੁਝ ਕਿਰਤ ਕਮਾ ਲੈ ਬੰਦਿਆ
ਢਲ ਚਲਿਆ ਪਰਛਾਵਾਂ

ਵੇਲਾ ਖੁੰਝ ਗਿਆ ਜੇ ਹੱਥੋਂ
ਫਿਰ ਨਹੀਂ ਮੁੜ ਕੇ ਆਉਣਾ
ਸਾਰੀ ਉਮਰ ਰਹੇਗਾ ਤੈਨੂੰ
ਯਾਰ ਮੇਰੇ ਪਛਤਾਉਣਾ

ਵੇਲੇ ਦੀ ਹੀ ਗੱਲ
ਸਾਰੇ ਜੱਗ ਨੂੰ ਭਾਏ
ਵੇਲੇ ਸਿਰ ਹੀ ਦੁਨੀਆਂ ਅੰਦਰ
ਕੰਮ ਕਿਸੇ ਦੇ ਆਏ ।

□



Academy of the Punjab in North America: http://www.apnaorg.com

## ਵਿਛੋੜਾ

ਯਾਰ ਹਾਸਿਆਂ ਵਿਚ ਗੁਆਚ ਗਿਆ
ਕੋਨਾ ਕੋਨਾ ਉਮੀਦਾਂ ਦਾ ਫੋਲਿਆ ਮੈਂ
ਲਭਿਆ ਫਿਰ ਵੀ ਕਿਤੇ ਨਾ ਉਹ ਯਾਰੋ
ਹੰਝੂਆਂ ਵਿਚ ਵੀ ਉਸ ਨੂੰ ਟੋਲਿਆ ਮੈਂ

ਸੀਨੇ ਵਿਚ ਸੀ ਦਰਦ ਛੁਪਾ ਲੀਤਾ
ਭੇਤ ਇਸ਼ਕ ਦਾ ਕਦੀ ਨਾ ਖੋਲ੍ਹਿਆ ਮੈਂ

ਰੁਲਦਾ ਰਿਹਾ ਹਾਂ ਬੇਸ਼ਕ ਉਮਰ ਸਾਰੀ
ਮੰਦਾ ਯਾਰ ਨੂੰ ਨਾ ਕਦੀ ਬੋਲਿਆ ਮੈਂ

ਉਹਦਾ ਵਿਛੜਣਾ ਮੌਤ ਤੋਂ ਘੱਟ ਨਹੀਂ ਸੀ
ਦੁੱਖਾਂ ਵਿਚ ਸੀ ਜਾਨ ਕੁਰਲਾਣ ਲਗੀ

ਸੁੰਨੇ ਸੁੰਨੇ ਹੋ ਗਏ ਸੀ ਦਿਨ ਮੇਰੇ
ਬਿਰਹਾਈ ਰਾਤ ਸੀ ਜਾਨ ਨੂੰ ਖਾਣ ਲਗੀ ।

□



Academy of the Punjab in North America: http://www.apnaorg.com

## ਪਿਆਰ ਅਮਰ ਹੈ

ਵਕਦ ਦੇ ਹੱਥੋਂ ਬੇਸ਼ਕ ਅਜ
ਮੇਰੇ ਪਿਆਰ ਦੀ ਹੋਈ ਤਬਾਹੀ ਏ

ਖੰਡਰਾਤ ਖੜੇ ਜੋ ਯਾਦਾਂ ਦੇ
ਇਸ ਗੱਲ ਦੀ ਦੇਣ ਗਵਾਹੀ ਏ

ਸੱਚੇ ਪਿਆਰ ਦੀ ਖ਼ਾਤਰ ਜਿਹਨੇ
ਜਾਨ ਦੀ ਬਾਜ਼ੀ ਲਾਈ ਏ

ਉਹ ਅਮਰ ਹਮੇਸ਼ਾ ਰਹਿੰਦਾ ਏ
ਉਹਨੂੰ ਮੌਤ ਕਦੇ ਨਹੀਂ ਆਈ ਏ ।

□



Academy of the Punjab in North America: http://www.apnaorg.com

## ਮਹਾਤਮਾ ਗਾਂਧੀ

ਲੱਖਾਂਪਤੀ ਹੋਕੇ ਇਸ ਦੇਸ਼ ਖਾਤਰ
ਬੜੀ ਭਾਰੀ ਮੁਸੀਬਤ ਉਠਾਈ ਉਨ੍ਹੇ

ਭੋਗ ਭੋਗੇ ਨਾ ਘਰ ਨੂੰ ਤਿਆਗ ਦਿਤਾ
ਹੱਥੀਂ ਆਪਣੀ ਦੌਲਤ ਲੁਟਾਈ ਉਨ੍ਹੇ

ਸੱਚ ਦਿਲੋਂ ਅਛੂਤਾਂ ਨਾਲ ਪਿਆਰ ਪਾ ਕੇ
ਛੂਤ ਛਾਤ ਸਭ ਦਿਲੋਂ ਮਿਟਾਈ ਉਨ੍ਹੇ

ਭਾਰਤਵਾਸੀ ਹੋਏ ਨੇ ਇਕ ਸਾਰੇ
ਸਾਡੇ ਦਿਲਾਂ ਤੋਂ ਦੂਈ ਮਿਟਾਈ ਉਨ੍ਹੇ

ਚੜ੍ਹਿਆ ਫਾਂਸੀ ਤੇ ਡਾਂਗਾਂ ਕੋਈ ਖਾ ਮੋਇਆ
ਦੇਸ਼ ਭਗਤ ਨਾ ਮੌਤ ਦੇ ਦਿਨ ਮੋਇਆ

ਤਾਈਓਂ ਬਾਪੂ ਤਰੰਗੇ ਦੀ ਲਾਜ ਖਾਤਰ
ਸੀਨੇ ਗੋਲੀਆਂ ਖਾ ਕੇ ਤਿੰਨ ਮੋਇਆ ।

□



Academy of the Punjab in North America: http://www.apnaorg.com

## ਦੀਵਾਲੀ

ਆਸਾਂ ਦਾ ਦੀਪ ਜਲਾਇਆ
ਕਿਤੇ ਨਾ ਬੁਝਣੇ ਪਾਏ
ਦੇਖ ਨਿਰਾਸ਼ਾ ਦਾ ਅੰਧਿਆਰਾ
ਫੇਰ ਨਾ ਕਿਧਰੇ ਛਾਏ
ਦਿਲ ਡਰਦਾ ਹੈ ਮੇਰਾ ਸੱਜਣਾ
ਜੇਕਰ ਤੂੰ ਨਾ ਆਇਆ
ਇਸ ਦੀਵਾਲੀ ਦਾ ਵੀ ਕਿਧਰੇ
ਰੂਪ ਬਦਲ ਨਾ ਜਾਏ
ਖੁਸ਼ੀਆਂ ਦੀ ਦੀਵਾਲੀ ਆਈ
ਘਰ ਘਰ ਦੀਪ ਜਲਾਓ
ਰਲ ਮਿਲ ਕੇ ਸਾਰੇ ਇਥੇ
ਖੁਸ਼ੀ ਦੇ ਮੰਗਲ ਗਾਓ
ਦੇਖੋ ਕੋਈ ਗਮ ਦਾ ਮਾਰਾ
ਰਹੇ ਨਾ ਵਿਚ ਹਨੇਰੇ
ਫੜ ਕੇ ਬਾਂਹ ਉਸ ਨੂੰ ਵੀ
ਆਪਣੇ ਨਾਲ ਮਿਲਾਓ ।

□



Academy of the Punjab in North America: http://www.apnaorg.com

## ਗਜ਼ਲ

ਗੁਨਾਹ ਸੀ ਇਹ ਨਹੀਂ ਮੇਰਾ ਕਿ ਮੈਂ ਕਿਉਂ ਪਿਆਰ ਕਰ ਬੈਠਾ।
ਗੁਨਾਹ ਮੇਰਾ ਸੀ ਕਿ ਮੈਂ ਪਿਆਰ ਦਾ ਇਜ਼ਹਾਰ ਕਰ ਬੈਠਾ।

ਬੜਾ ਮਾਯੂਸ ਹੋਕੇ ਮੈਂ ਹਮੇਸ਼ਾਂ ਤੇਰੇ ਦਰ ਤੋਂ ਮੁੜਿਆ ਹਾਂ,
ਇਰਾਦਾ ਜਾਣਦਾ ਮੈਂ ਫਿਰ ਵੀ ਹਰ ਵਾਰ ਕਰ ਬੈਠਾ।

ਅਸੀਂ ਤੇ ਮਰ ਗਏ ਉਥੇ ਅਸੀਂ ਤੇ ਹੋ ਗਏ ਉਹਦੇ,
ਗੱਲਾਂ ਪਿਆਰ ਦੀਆਂ ਜੇ ਕੋਈ ਦੋ ਚਾਰ ਕਰ ਬੈਠਾ।

ਸੂਲੀ ਤੇ ਚੜ੍ਹਾ ਦਿੱਤਾ ਸੀ ਇਸ ਜ਼ਾਲਮ ਜ਼ਮਾਨੇ ਨੇ,
ਕੋਈ ਮਨਸੂਰ ਜੇਕਰ ਪਿਆਰ ਦਾ ਇਕਰਾਰ ਕਰ ਬੈਠਾ।

ਮੈਂ ਕੀ ਦੱਸਾਂ ਕਿ ਮੇਰੇ ਦਿਲ ਵਿਚ ਕੀ ਕੀ ਸੀ ਐ ਯਾਰੋ,
ਪਹਿਚਾਨਣ ਤੋਂ ਹੀ 'ਕਿਦਾਰ' ਨੂੰ ਜਦ ਉਹ ਇਨਕਾਰ ਕਰ ਬੈਠਾ।

□



Academy of the Punjab in North America: http://www.apnaorg.com

## ਗਜ਼ਲ

ਇਕ ਪਲ ਦੋ ਪਲ ਦਾ ਸਾਥ ਤੇਰਾ ਹਾਏ ਉਹ ਕਿੰਨਾ ਪਿਆਰਾ ਸੀ ।
ਦਿਲ ਖੁਸ਼ੀਆਂ ਦੇ ਨਾਲ ਭਰਦਾ ਸੀ ਜੀਵਨ ਦਾ ਇਕ ਸਹਾਰਾ ਸੀ ।

ਸਾਥ ਤੇਰਾ ਜਦ ਮਿਲਿਆ ਸੀ ਮੰਜ਼ਿਲ ਵੀ ਨੇੜੇ ਹੋ ਗਈ ਸੀ,
ਫਿਰ ਉਤਸ਼ਾਹ ਨਾਲ ਤੁਰਨ ਲੱਗਾ ਰਾਹੀ ਜੋ ਥੱਕਿਆ ਹਾਰਾ ਸੀ ।

ਬਣ ਕੇ ਖੁਦਗਰਜ਼ੀ ਪਿਆਰ ਮੇਰਾ ਬਦਨਾਮ ਨਾ ਤੈਨੂੰ ਕਰ ਦੇਵੇ,
ਅਸੀਂ ਛਡ ਕੇ ਤੇਰੀਆਂ ਗਲੀਆਂ ਨੂੰ ਹੁਣ ਕੀਤਾ ਦੂਰ ਕਿਨਾਰਾ ਸੀ ।

ਤੇਰਾ ਮਿਲਣਾ ਮੇਰੇ ਨਾਲ ਭਲਾ ਇਹ ਲੋਕੀਂ ਕਿਵੇਂ ਜਰ ਸਕਦੇ,
ਤੇਰਾ ਨਾਂ ਵੀ ਆਏ ਜ਼ੁਬਾਨ ਉਤੇ ਜੋ ਕਰਦੇ ਨਹੀਂ ਗਵਾਰਾ ਸੀ ।

ਅਰਮਾਨ ਜੋ ਸਾਰੇ ਦਿਲ ਦੇ ਸੀ ਮਜ਼ਬੂਰੀ ਦੀ ਭੇਂਟ ਚੜ੍ਹਾ ਦਿੱਤੇ,
'ਕਿਦਾਰ' ਦਾ ਇਸ ਤੋਂ ਹੋਰ ਕੋਈ ਚਲਿਆ ਨਾ ਯਾਰੋ ਚਾਰਾ ਸੀ ।

□



Academy of the Punjab in North America: http://www.apnaorg.com

## ਗ਼ਜ਼ਲ

ਮਨ ਨੂੰ ਰੌਸ਼ਨ ਕਰਨ ਲਈ ਮੈਂ ਤਨ ਦਾ ਦੀਪ ਜਲਾਇਆ ਸੀ ।
ਤੇਲ ਮੈਂ ਆਪਣੇ ਹੰਝੂਆਂ ਦਾ ਭਰ ਭਰ ਕੇ ਪਲੀਆਂ ਪਾਇਆ ਸੀ ।

ਨਾਲ ਖ਼ੁਸ਼ੀ ਦੇ ਝੂੰਮ ਕੇ ਅੱਜ ਪਿੰਡਾ ਜ਼ਖ਼ਮੀ ਕਰ ਲੀਤਾ,
ਕੰਡਿਆਂ ਦੇ ਵਿਚ ਰਹਿ ਕੇ ਵੀ ਫੁੱਲ ਯਾਰੋ ਮੁਸਕਾਇਆ ਸੀ ।

ਤੋੜ ਕੇ ਫੁੱਲ ਨੂੰ ਕਿਸੇ ਨੇ ਜਦ ਪੈਰਾਂ ਥੱਲੇ ਮਸਲ ਦਿੱਤਾ,
ਮੈਂ ਚੁੱਕ ਉਹਨੂੰ ਜ਼ਮੀਨ ਉਤੋਂ ਝਾੜ ਕੇ ਸੀਨੇ ਲਾਇਆ ਸੀ ।

ਦੋਸ਼ ਮੇਰਾ ਬੱਸ ਇਨਾਂ ਸੀ ਕਿ ਤੇਰੇ ਇਕ ਇਸ਼ਾਰੇ ਤੇ,
ਮਾਰ ਕੇ ਠੋਹਕਰ ਦੁਨੀਆਂ ਨੂੰ ਮੈਂ ਕੋਲ ਤੇਰੇ ਝਟ ਆਇਆ ਸੀ ।

ਉਹ ਵੀ ਦਿਨ ਸੀ ਜਦ ਦੁਨੀਆਂ ਜਾਣੀ ਪਹਿਚਾਣੀ ਲਗਦੀ ਸੀ,
ਹੁਣ ਆਪਣਾ ਆਪ ਵੀ ਭੁਲ ਬੈਠੇ ਸ਼ੀਸ਼ਾ ਜਦ ਕਿਸੇ ਦਿਖਾਇਆ ਸੀ ।

ਗ਼ਮ ਦੇ ਮਾਰੇ ਨੇ ਵੀ ਆਖਿਰ ਜ਼ਿੰਦਗੀ ਯਾਰ ਬਿਤਾਈ ਸੀ,
ਨਗ਼ਮਾਂ ਹੰਝੂਆਂ ਆਹਾਂ ਦਾ ਮੈਂ ਦਿਲ ਦੀ ਤਾਰ ਤੇ ਗਾਇਆ ਸੀ ।

'ਕਿਦਾਰ' ਸੁਹਾਣੇ ਦਿਨ ਉਹ ਯਾਦ ਅਜੇ ਤਕ ਆਉਂਦੇ ਨੇ,
ਧੁੱਪ ਵਿਚ ਦੇਖ ਕੇ ਜਦ ਮੈਨੂੰ ਜ਼ੁਲਫ਼ਾਂ ਦਾ ਕੀਤਾ ਸਾਇਆ ਸੀ ।

□



Academy of the Punjab in North America: http://www.apnaorg.com

## ਗਜ਼ਲ

ਤੇਰਾ ਪਿਆਰ ਜੇ ਨਹੀਂ ਮਿਲਿਆ ਅਸੀਂ ਸਬਰ ਕਰ ਲਿਆ ਸੀ ।
ਸਾਰਾ ਦੋਸ਼ ਆਪਣੀ ਹੀ ਕਿਸਮਤ ਤੇ ਧਰ ਲਿਆ ਸੀ ।
ਤੇਰੇ ਦਰ ਦੇ ਉਤੇ ਫਿਰ ਵੀ ਖਾਲੀ ਹੱਥ ਨਹੀਂ ਸੀ ਮੁੜਿਆ,
ਹੰਝੂਆਂ ਦੇ ਨਾਲ ਆਪਣੀ ਝੋਲੀ ਨੂੰ ਭਰ ਲਿਆ ਸੀ ।
ਤੈਥੋਂ ਜੁਦਾ ਹੋਕੇ ਦਿਨ ਇਸ ਤਰ੍ਹਾਂ ਸੀ ਗੁਜ਼ਰੇ,
ਮਰ ਮਰ ਕੇ ਜੀਅ ਲਿਆ ਮੈਂ ਕਦੀ ਜੀ ਜੀ ਕੇ ਮਰ ਲਿਆ ਸੀ ।
ਬਦਨਾਮੀ ਦਾ ਦਾਗ ਉਹਦੇ ਆਂਚਲ ਤੇ ਨਹੀਂ ਸੀ ਲਾਇਆ,
ਸਦਮੇ ਦਾ ਦਾਗ ਆਪਣੇ ਸੀਨੇ ਤੇ ਜਰ ਲਿਆ ਸੀ ।
ਉਮੀਦ ਦਾ ਦਾਮਨ ਜਦ ਖੁਸ਼ਕ ਹੋਣ ਲਗਾ,
'ਕਿਦਾਰ' ਹੰਝੂਆਂ ਨਾਲ ਉਹਨੂੰ ਕਰ ਤਰ ਲਿਆ ਸੀ ।

□



Academy of the Punjab in North America: http://www.apnaorg.com

## ਗ਼ਜ਼ਲ

ਇਸ ਗੱਲ ਦੀ ਸਮਝ ਨਾ ਆਉਂਦੀ ਸੀ ਲੋਕਾਂ ਕਿਉਂ ਬੁਰਾ ਮਨਾਇਆ ਸੀ।
ਦੀਵਾਨਾ ਤੇਰਾ ਬਣਿਆ ਜੋ ਤੇਰੇ ਹੀ ਦਰ ਤੇ ਆਇਆ ਸੀ।
ਪਹਿਚਾਣ ਨਾ ਸਕਿਆ ਤੂੰ ਮੈਨੂੰ ਇਸ ਵਿਚ ਕੋਈ ਦੋਸ਼ ਨਾ ਤੇਰਾ ਸੀ,
ਹੁਲੀਆ ਹੀ ਤੇਰੇ ਦੀਵਾਨੇ ਕੁਝ ਐਸਾ ਯਾਰ ਬਣਾਇਆ ਸੀ।
ਤੇਰਾ ਪਾਣਾ ਜਾਂ ਨਾ ਪਾਣਾ ਇਹ ਤੇ ਸੀ ਗੱਲ ਮੁਕੱਦਰ ਦੀ,
ਪਰ ਦਾਅ ਮੈਂ ਆਪਣੀ ਕਿਸਮਤ ਦਾ ਸਭ ਤੇਰੇ ਉਤੇ ਲਾਇਆ ਸੀ।
ਮੈਂ ਸਾਥੀ ਆਪਣੇ ਦੁਖ ਸੁਖ ਦਾ ਯਾਰ ਉਸਨੂੰ ਸਮਝਾਇਆ ਸੀ,
ਪਰ ਗ਼ਮ ਦੇ ਹਨੇਰੇ ਅੰਦਰ ਤੇ ਮੇਰੇ ਸਾਥ ਗਿਆ ਨਾ ਸਾਇਆ ਸੀ।
ਰਾਤ ਮੈਂ ਤੇਰੀ ਰਾਹ ਅੰਦਰ ਅੱਖਾਂ ਦਾ ਦੀਪ ਜਲਾਣ ਲਈ,
ਤੇਲ ਮੈਂ ਆਪਣੇ ਹੰਝੂਆਂ ਦਾ ਭਰ ਭਰ ਕੇ ਪਲੀਆਂ ਪਾਇਆ ਸੀ।
ਖ਼ੂਨ ਜਿਗਰ ਦਾ ਦੇ ਕੇ ਮੈਂ ਯਾਰੋ ਉਸਨੂੰ ਪਾਲਿਆ ਸੀ,
ਦਿਲ ਦੇ ਵਿਹੜੇ ਅੰਦਰ ਜੋ ਤੇਰੀ ਯਾਦ ਦਾ ਬੂਟਾ ਲਾਇਆ ਸੀ।
ਠਰ ਗਿਆ ਮੈਂ ਇਸ ਦੁਨੀਆਂ ਅੰਦਰ ਨਿੱਘ ਕਿਸੇ ਜਦ ਦਿੱਤਾ ਨਾ,
ਬਾਲ ਕੇ ਬਾਲਣ ਹੱਡਾਂ ਦਾ ਮੈਂ ਆਪਣਾ ਆਪ ਤਪਾਇਆ ਸੀ।
ਦਿਲ ਤੇ ਯਾਰੋ ਦਿਲ ਹੀ ਹੁੰਦਾ ਪੱਥਰ ਤੇ ਨਹੀਂ ਬਣ ਸਕਦਾ,
ਪਰ ਮਾਰ ਕੇ ਪੱਥਰ ਲੋਕਾਂ ਨੇ ਯਾਰ ਇਹਨੂੰ ਅਜ਼ਮਾਇਆ ਸੀ।
ਬਣ ਨਾ ਸਕਿਆ ਮੇਰੇ ਵਰਗਾ ਨਾ ਮੈਂ ਉਹਦੇ ਵਰਗਾ ਯਾਰ,
'ਕਿਦਾਰ' ਕੀ ਦੋਸ਼ ਕਿਸੇ ਨੂੰ ਦੇਣਾ ਆਪਣੇ ਦਰਦ ਸਤਾਇਆ ਸੀ।

□



Academy of the Punjab in North America: http://www.apnaorg.com

## ਗਜ਼ਲ

ਨਿਮਣਾ ਯਾਰੋ ਚੰਗਾ ਏ ਪਰ ਏਨਾ ਵੀ ਤੇ ਚੰਗਾ ਨਹੀਂ,
ਕੋਈ ਤੋੜ ਕੇ ਤੁਹਾਨੂੰ ਮਸਲ ਦੇਵੇ ਤੇ ਪੈਰਾਂ ਥੱਲੇ ਰੋਲ ਦੇਵੇ ।

ਆਕੜ ਵੀ ਬਹੁਤੀ ਚੰਗੀ ਨਹੀਂ ਬਹੁਤੀ ਕੀ ਬਿਲਕੁਲ ਚੰਗੀ ਨਹੀਂ,
ਹਰ ਬੰਦਾ ਨਜ਼ਰਾਂ ਦੇ ਅੰਦਰ ਤੈਨੂੰ ਨਫ਼ਰਤ ਦੇ ਨਾਲ ਤੋਲ਼ ਦੇਵੇ ।

ਵਿਸ਼ਵਾਸ ਤੇ ਕਰਨਾ ਪੈਂਦਾ ਏ ਇਸ ਤੋਂ ਬਿਨਾ ਗੁਜ਼ਾਰਾ ਨਹੀਂ,
ਬਣ ਕੇ ਦੁਸ਼ਮਣ ਕੋਈ ਦੋਸਤ ਤੇਰਾ ਭੇਤ ਨਾ ਦੇਖੀਂ ਖੋਲ੍ਹ ਦੇਵੇ ।

ਤੂੰ ਸਭ ਦੀ ਲੈ ਸਲਾਹ ਬੇਸ਼ਕ ਗੱਲ ਸਭਦੀ ਸੁਣਨੀ ਪੈਂਦੀ ਏ,
ਪਰ ਦੇਖੀਂ ਤੇਰੇ ਜੀਵਨ ਵਿਚ ਕੋਈ ਸ਼ੱਕ ਦਾ ਜ਼ਹਿਰ ਨਾ ਘੋਲ ਦੇਵੇ ।

ਜੀਵਨ ਦਾ ਗੰਦਲਾ ਪਾਣੀ ਜੋ ਤੂੰ ਨੇਕੀ ਨਾਲ ਨਿਤਾਰਿਆ ਸੀ,
ਐਬਾਂ ਦਾ ਭਰਿਆ ਹੱਥ ਕੋਈ ਨਾ ਇਸ ਦੇ ਵਿਚ ਘਚੋਲ ਦੇਵੇ ।

ਪਿਆਰ ਜੇ ਸੱਚਾ ਦੁਨੀਆਂ ਤੇ ਇਨਸਾਨ ਨੂੰ ਯਾਰੋ ਮਿਲ ਜਾਵੇ,
ਉਸ ਨੂੰ ਬੁਰਾਈਆਂ ਦੇ ਵਿਚੋਂ ਉਹ ਕਢ ਕੇ ਰਖ ਅਡੋਲ ਦੇਵੇ ।

ਦੁਨੀਆ ਦੀ ਸਾਰੀ ਦੌਲਤ ਮੈਂ ਉਹਦੇ ਪੈਰਾਂ ਉਤੇ ਰਖ ਦੇਵਾਂ,
'ਕਿਦਾਰ' ਨੂੰ ਇਸ ਦੇ ਬਦਲੇ ਜੇ ਕੋਈ ਪਿਆਰ ਦੇ ਮਿੱਠੇ ਬੋਲ ਦੇਵੇ ।

□



Academy of the Punjab in North America: http://www.apnaorg.com

## ਗਜ਼ਲ

ਸੁਣ ਕੇ ਤੇਰੀ ਦਰਿਆ ਦਿਲੀ ਆਇਆ ਸੀ ਚਲ ਕੇ ਦੂਰ ਤੋਂ,
ਕੋਲ ਆ ਕੇ ਵੇਖਿਆ ਤੇ ਭਰਮ ਸਾਰਾ ਲਹਿ ਗਿਆ।
ਪੀ ਕੇ ਥੋੜ੍ਹੀ ਹੀ ਜਿਹੀ ਅਕਸਰ ਮੈਂ ਜਾਂਦਾ ਬਹਿਕ ਹਾਂ,
ਕੌਣ ਦੁਸ਼ਮਣ ਹੈ ਜੋ ਤੇਰੇ ਕੰਨ ਦੇ ਵਿਚ ਕਹਿ ਗਿਆ।
ਤੇਰੇ ਮਹਿਖਾਨੇ ਦੇ ਵਿਚ ਹਾਸੀ ਉਡਾਈ ਸਭ ਨੇ,
ਮੇਰਾ ਹੀ ਸੀ ਹੌਸਲਾ ਜੋ ਚੁਪ ਕਰਕੇ ਸਹਿ ਗਿਆ।
ਭਰ ਭਰ ਕੇ ਜਾਮ ਤੂੰ ਸਭ ਨੂੰ ਪਿਲਾਉਂਦਾ ਸੀ ਰਿਹਾ,
ਮੈਂ ਪਿਆਸੇ ਦਾ ਪਿਆਸਾ ਬਸ ਇਕ ਸੀ ਰਹਿ ਗਿਆ।
ਦੇ ਕੇ ਕਸਮਾਂ ਤੂੰ ਮੇਰੇ ਬੁੱਲ੍ਹਾਂ ਨੂੰ ਲਾਉਂਦਾ ਸੀ ਕਦੀ,
ਐਸਾ ਕੀ ਅੱਜ ਹੋ ਗਿਆ ਜੋ ਸੋਚਣਾ ਹੈ ਪੈ ਗਿਆ।
ਜ਼ਿੰਦਗੀ ਮੇਰੀ ਦੇ ਵਿਚ ਐਸਾ ਵੀ ਹੋਇਆ ਹਾਦਸਾ,
ਮੈਂ ਰਿਹਾ ਖਾਮੋਸ਼ ਸੀ ਦੁਨੀਆਂ ਕੋਈ ਲੁਟ ਕੇ ਲੈ ਗਿਆ।
ਬਦਲ ਦੇ ਆਪਣਾ ਇਰਾਦਾ ਜ਼ਿਦ ਨਾ ਕਰ ਹੁਣ ਸਾਕੀਆ,
ਕਸਮ ਖਾ ਕੇ ਇਹ ਦੀਵਾਨਾ ਦਰ ਤੇਰੇ ਤੇ ਬਹਿ ਗਿਆ।

□



Academy of the Punjab in North America: http://www.apnaorg.com

## ਗਜ਼ਲ

ਜਿਹੜਾ ਜੁਦਾਈ ਦਾ ਇਕ ਪਲ ਨਹੀਂ ਸਹਾਰਦਾ ।
ਅੱਜ ਮੂੰਹ ਵੇਖਣ ਆ ਗਿਆ ਮੇਰਾ ਉਹ ਜਾਂਦੀ ਵਾਰ ਦਾ ।
ਮੇਰੀ ਮੁਹੱਬਤ ਤੇ ਯਕੀਨ ਆਇਆ ਸੀ ਓਸ ਨੂੰ,
ਜ਼ਿੰਦਗੀ ਦੀ ਆਖਰੀ ਘੜੀਆਂ ਸੀ ਜਦ ਗੁਜ਼ਾਰਦਾ ।
ਪਾਸ ਆਕੇ ਖੂਹ ਤੇ ਪਿਆਸੇ ਨੇ ਦਮ ਹੈ ਤੋੜਿਆ,
ਇਸ ਤਰ੍ਹਾਂ ਵੀ ਆਦਮੀ ਕਿਸਮਤ ਦੇ ਹੱਥੋਂ ਹਾਰਦਾ ।
ਲੁਟਿਆ ਸੀ ਇਸ ਤਰ੍ਹਾਂ ਮੈਨੂੰ ਖਿਜ਼ਾਂ ਨੇ ਦੋਸਤੋ,
ਪਤਾ ਹੀ ਨਾ ਚਲਿਆ ਸੀ ਮੌਸਮੇ ਬਹਾਰ ਦਾ ।
ਬੇਦੋਸ਼ ਜੇਕਰ ਹੁਸਨ ਹੈ ਤੇ ਇਸ਼ਕ ਕਿਉਂ ਬਦਨਾਮ ਹੈ,
ਕੌਣ ਹੈ ਜੋ ਦਿਲ ਦੇ ਵਿਚ ਜਜ਼ਬਾਤ ਨੂੰ ਉਭਾਰਦਾ ।
ਦੂਰ ਹੋਕੇ ਉਸ ਤੋਂ ਮੈਂ ਫਿਰ ਵੀ ਹੋਇਆ ਦੂਰ ਨਾ,
ਉਹ ਹੀ ਨਜ਼ਰ ਸੀ ਆਉਂਦਾ ਝਾਤੀ ਮੈਂ ਜਿੱਧਰ ਮਾਰਦਾ ।
ਮਰ ਗਏ ਤੇ ਭੁੱਲ ਜਾਣਾ ਕਿਸ ਦਾ ਗਿਲਾ ਕਿਸ ਤੇ ਗਿਲਾ,
ਜਿਉਂਦੇ ਜੀ ਕਿਉਂ ਨਾਂ ਭੁਲੇ ਦੋਸਤੋ 'ਕਿਦਾਰ' ਦਾ ।

□



Academy of the Punjab in North America: http://www.apnaorg.com

## ਗ਼ਜ਼ਲ

ਰਹਿੰਦੇ ਨਹੀਂ ਹਮੇਸ਼ਾ ਜਦ ਰਾਤ ਦੇ ਹਨੇਰੇ ।
ਫਿਰ ਕਿਉਂ ਨਿਰਾਸ਼ ਹੋਕੇ ਕੋਈ ਜ਼ਿੰਦਗੀ ਗੁਜ਼ਾਰੇ ।

ਸੋਚੇ ਤੇ ਕੁਝ ਨਹੀਂ ਸਮਝੇ ਤੇ ਸਭ ਕੁਝ ਹੈ,
ਖੁਸ਼ ਰਹਿਣਾ ਜਾਂ ਨਾ ਰਹਿਣਾ ਤੇਰੇ ਹੱਥ ਵਿਚ ਹੈ ਪਿਆਰੇ ।

ਤੂੰ ਕਰ ਗੁਨਾਹ, ਬੇਸ਼ੱਕ ਪਾ ਕੇ ਪਰਦੇ ਲੱਖਾਂ,
ਇਕ ਦਿਨ ਤੇ ਜ਼ਾਹਰ ਹੋਣੇ ਕੀਤੇ ਹੋਏ ਜੋ ਕਾਰੇ ।

ਤੇਰਾ ਇਸ਼ਕ ਹੈ ਜੇ ਸੱਚਾ ਮਿਲ ਜਾਏਗਾ ਉਹ ਤੈਨੂੰ,
ਫਿਰ ਕਿਉਂ ਉਦਾਸ ਹੋਕੇ ਸਿਰ ਪੱਥਰਾਂ ਵਿਚ ਮਾਰੇ ।

ਨੇੜੇ ਹੈ ਸ਼ਾਹਰਗ ਤੋਂ ਜਦ ਯਾਰ ਦਾ ਟਿਕਾਣਾ,
ਮੰਦਰ ਤੇ ਮਸਜਦਾਂ ਵਿਚ ਕੋਈ ਜਾਕੇ ਕਿਉਂ ਪੁਕਾਰੇ ।

ਉਹਦੀ ਜ਼ਿੰਦਗੀ ਵੀ ਯਾਰੋ ਕਾਹਦੀ ਜ਼ਿੰਦਗੀ ਹੈ,
ਜਿਉਂਦਾ ਹੈ ਜੋ ਦੁਨੀਆਂ ਵਿਚ ਗੈਰ ਦੇ ਸਹਾਰੇ ।

ਤੇਰੀ ਯਾਦ ਦੀ ਮਿਠਾਸ ਜਦ ਦਿਲ ਵਿਚ ਭਰ ਗਈ ਸੀ,
ਅੱਖਾਂ ਨੇ ਬਾਹਰ ਕਢੇ ਹੰਝੂ ਸੀ ਜਿੰਨੇ ਖਾਰੇ ।



Academy of the Punjab in North America: http://www.apnaorg.com

ਮੈਂ ਸਿਰ ਦੇ ਭਾਰ ਚਲ ਕੇ ਉਹਦੇ ਦਰ 'ਤੇ ਧਾਰੌ ਜਾਵਾਂ,
ਇਕ ਵਾਰ ਜੇ ਉਹ ਮੈਨੂੰ ਕਦੀ ਪਿਆਰ ਨਾਲ ਪੁਕਾਰੇ ।

ਇਹ ਜਾਣਦਾ ਹੋਇਆ ਵੀ ਦੁਨੀਆਂ ਹੈ ਚਾਰ ਦਿਨ ਦੀ,
'ਕਿਦਾਰ' ਚਾਰੇ ਪਾਸੇ ਤੂੰ ਪੈਰ ਕਿਉਂ ਪਸਾਰੇ ।

□



Academy of the Punjab in North America: http://www.apnaorg.com

## ਗਜ਼ਲ

ਆਪਣਾ ਤੇ ਰੰਗ ਬਸ ਆਪਣਾ ਹੀ ਰੰਗ ਹੈ ।
ਮੇਰੀ ਕਵਿਤਾ ਮੇਰੇ ਜਿਸਮ ਦਾ ਹੀ ਅੰਗ ਹੈ ।
ਦਿਲ ਨੇ ਜੋ ਮਹਿਸੂਸ ਕੀਤਾ ਕਹਿ ਦਿਤਾ ਦੋਸਤੋ,
ਨਾ ਕਿਸੇ ਦਾ ਖੌਫ ਖਾਧਾ ਨਾ ਕਿਸੇ ਦੀ ਸੰਗ ਹੈ ।
ਮੈਂ ਸ਼ਾਇਰ ਹਾਂ ਕੋਈ ਸੌਦਾ ਨਹੀਂ ਹਾਂ ਵੇਚਦਾ,
ਜੋ ਮੈਂ ਸੋਚਾਂ ਇਸ ਤਰ੍ਹਾਂ ਕਿਸ ਦੀ ਜ਼ਿਆਦਾ ਮੰਗ ਹੈ ।
ਮਿੰਟਾਂ ਵਿਚ ਲੋਕ ਜੋ ਗਜ਼ਲ ਕਰ ਲੈਂਦੇ ਤਿਆਰ,
ਦੇਖ ਕੇ ਫੁਰਤੀ ਉਹਨਾਂ ਦੀ ਅਕਲ ਯਾਰੋ ਦੰਗ ਹੈ ।
ਕਿਸ ਤਰ੍ਹਾਂ ਗੁਜ਼ਰੀ ਹੈ ਕੀ ਪੁਛਦੇ ਹੋ ਦੋਸਤੋ,
ਏਨਾ ਹੀ ਕਾਫੀ ਨਹੀਂ ਕਿ ਵਕਤ ਗਿਆ ਲੰਘ ਹੈ ।
ਜਾਮ ਤੇ ਕੋਈ ਜਾਮ ਲੈਂਦਾ ਬੂੰਦ ਨੂੰ ਕੋਈ ਤਰਸਦਾ,
ਤੇਰੇ ਮਹਿਖਾਨੇ ਦਾ ਸਾਕੀ ਅਜਬ ਡਿੱਠਾ ਢੰਗ ਹੈ ।
ਅਕਲ ਦਾ ਦਾਇਰਾ ਅਜ ਜਿੰਨਾਂ ਵਸੀਹ ਹੈ ਹੋ ਗਿਆ,
ਉਨਾਂ ਹੀ ਇਨਸਾਨ ਅਜ ਦਿਲ ਦਾ ਹੋ ਗਿਆ ਤੰਗ ਹੈ ।
'ਕਿਦਾਰ' ਨੂੰ ਇਹ ਫਲਸਫਾ ਸਮਝਾ ਦਿਓ ਕੋਈ ਦੋਸਤੋ,
ਅਮਨ ਦੇ ਅਜ ਨਾਂ ਉਤੇ ਹੋ ਰਹੀ ਕਿਉਂ ਜੰਗ ਹੈ ।

□



Academy of the Punjab in North America: http://www.apnaorg.com

## ਗ਼ਜ਼ਲ

ਅਜੇ ਵੀ ਜਲਦੀ ਸ਼ਮਾਂ ਹੈ ਯਾਰੋ, ਅਜੇ ਵੀ ਜਲਦੇ ਹਨ ਪਰਵਾਨੇ,
ਮੁਕਿਆ ਨਹੀਂ ਅਜੇ ਵੀ ਯਾਰੋ ਸਫ਼ਰ ਇਸ਼ਕ ਦਾ ਜਾਰੀ ਹੈ ।
ਅਜੇ ਵੀ ਚੰਨ ਅਸਮਾਨੀ ਚਮਕੇ ਹਰ ਥਾਂ ਚਾਨਣ ਕਰਦਾ ਹੈ,
ਅਜੇ ਵੀ ਤਕ ਚਕੋਰ ਨੂੰ ਚੰਨ ਨੇ ਸਾਰੀ ਰਾਤ ਗੁਜ਼ਾਰੀ ਹੈ ।
ਸੌ ਸੌ ਯਤਨ ਅਗੇ ਵਧਣ ਦੇ ਅਜੇ ਵੀ ਬੰਦਾ ਕਰਦਾ ਹੈ,
ਅਜੇ ਵੀ ਉਹਦੇ ਆੜੇ ਆਉਂਦੀ ਮਜ਼ਬੂਰੀ ਲਾਚਾਰੀ ਹੈ ।
ਦੁਖ ਸੁਣਨ ਦੀ ਵਿਹਲ ਕਿਸੇ ਨੂੰ ਅਜੇ ਵੀ ਯਾਰੋ ਕਿਥੇ ਹੈ,
ਅਜੇ ਵੀ ਆਪਾ ਧਾਪੀ ਸਭ ਨੂੰ ਅਜੇ ਵੀ ਮਾਰੋ ਮਾਰੀ ਹੈ ।
ਅਜੇ ਵੀ ਨਚਦੀ ਨਾਚ ਗਰੀਬੀ ਅਗੇ ਸਰਮਾਇਆਦਾਰੀ ਦੇ,
ਅਜੇ ਵੀ ਛੋਟੇ ਵੱਡੇ ਅੰਦਰ ਅੰਤਰ ਯਾਰੋ ਭਾਰੀ ਹੈ ।
ਅਜੇ ਵੀ ਪਿਆਰ ਦੇ ਨਾਂ ਦੇ ਉਤੋਂ ਲੋਕੀ ਧੋਖਾ ਖਾਂਦੇ ਨੇ,
ਬੰਦੇ ਦਾ ਮੁੱਲ ਪਾਉਣ ਵਾਲੇ ਅਜੇ ਮੌਜੂਦ ਵਪਾਰੀ ਹੈ ।
ਪਰਦੇਸਾਂ ਦੇ ਅੰਦਰ ਰਹਿ ਕੇ ਗੈਰ ਬੋਲੀਆਂ ਬੋਲਦੇ ਹਾਂ,
ਫਿਰ ਵੀ ਆਪਣੇ ਦੇਸ਼ ਦੀ ਬੋਲੀ ਲਗਦੀ ਯਾਰੋ ਪਿਆਰੀ ਹੈ ।

□



Academy of the Punjab in North America: http://www.apnaorg.com

## ਗ਼ਜ਼ਲ

ਮੈਂ ਤੇ ਉਹ ਹੀ ਹਾਂ ਜਿਸ ਨੂੰ ਦਿਲ ਵਿਚ ਵਸਾਇਆ ਸੀ ਕਦੀ,
ਅੱਖਾਂ ਨਾਲ ਅੱਖਾਂ ਮਿਲਦਿਆਂ ਕਿਉਂ ਨਜ਼ਰ ਤੇਰੀ ਝੁਕ ਗਈ ।
ਤੂੰ ਛਡ ਕੇ ਟੁਰ ਗਈ ਪਰ ਯਾਦ ਨੂੰ ਦਸ ਕੀ ਕਹਾਂ,
ਜੋ ਮਿਠਾ ਮਿਠਾ ਦਰਦ ਬਣ ਕੇ ਜਾਨ ਦੇ ਨਾਲ ਢੁਕ ਗਈ ।
ਦਿਲ 'ਚ ਉਠਦੇ ਸੀ ਜਿਹੜੇ ਤੂਫਾਨ ਸਾਰੇ ਥੰਮ ਗਏ,
ਕਿਸ਼ਤੀ ਮਿਲਣ ਦੀ ਫੇਰ ਕਿਉਂ ਤੇਰੀ ਕਿਨਾਰੇ ਰੁਕ ਗਈ ।
ਕਿਵੇਂ ਖਿੜੇਗਾ ਖੁਸ਼ੀ ਦਾ ਉਹ ਫੁੱਲ ਮੇਰੇ ਦੋਸਤੋ,
ਪਿਆਰ ਦੇ ਪਾਣੀ ਬਿਨਾ ਜੜ੍ਹ ਹੀ ਜਿਸਦੀ ਸੁਕ ਗਈ ।
ਫੇਰ ਦੁਖਾਂ ਦਰਦਾਂ ਤੋਂ ਅਜ਼ਾਦ ਹੁੰਦਾ ਰਹਿ ਗਿਆ,
ਫਿਰ ਨਜ਼ਰ ਉਸਦੀ ਨਿਸ਼ਾਨੇ ਤੋਂ ਹਾਏ ਚੁਕ ਗਈ ।
ਗੱਲ ਕਰਨੀ ਪਿਆਰ ਦੀ ਸਾਡੇ ਲਈ ਬਣੀ ਸ਼ਰਮ ਜਦ,
ਮੈਂ ਜ਼ਰਾ ਉਹਲੇ ਹੋਇਆ ਕੁਝ ਉਹ ਸੀ ਮੈਥੋਂ ਲੁਕ ਗਈ ।
'ਕਿਦਾਰ' ਉਤੇ ਹੀ ਕਿਉਂ ਇਲਜ਼ਾਮ ਯਾਰੋ ਲਗ ਗਿਆ,
ਕੀ ਕਹਾਣੀ ਪਿਆਰ ਦੀ ਦੁਨੀਆਂ ਦੇ ਉਤੋਂ ਮੁਕ ਗਈ ।

□



Academy of the Punjab in North America: http://www.apnaorg.com

## ਰੁਬਾਈ

ਮਜ਼ਦੂਰਾਂ ਦਾ ਹਾਲ ਕੀ ਪੁਛੋ ਥਾਂ ਥਾਂ ਬੜੀ ਖੁਆਰੀ
ਜਣੇ ਖਣੇ ਦੀਆਂ ਝਿੜਕਾਂ ਸਹਿੰਦੇ ਕਰਦੇ ਤਾਬਿਆਦਾਰੀ

ਰਾਤ ਦਿਨੇ ਉਹ ਕੰਮ ਕਰੇਂਦੇ ਢਿਡੋਂ ਰਹਿ ਕੇ ਭੁੱਖੇ
ਫਿਰ ਵੀ ਘੁਟ ਸਬਰ ਦਾ ਭਰ ਕੇ ਕਰਦੇ ਸ਼ੁਕਰਗੁਜ਼ਾਰੀ।

□



Academy of the Punjab in North America: http://www.apnaorg.com

## ਰੁਬਾਈ

ਐਸੀ ਹੋਈ ਅੱਖਾਂ ਤੋਂ ਉਹਲੇ ਮੁੜ ਕੇ ਤੂੰ ਨਾ ਆਈ
ਨਾ ਕੋਈ ਸੁਖ ਸੁਨੇਹਾ ਘਲਿਆ ਨਾ ਚਿੱਠੀ ਤੂੰ ਪਾਈ
ਬੀਤ ਗਏ ਦਿਨ ਸਾਲਾਂ ਬੱਧੀ ਤੂੰ ਨਾ ਪਾਇਆ ਫੇਰਾ
ਫਿਰ ਵੀ ਤੇਰੀ ਰਾਹ ਦੇ ਉਤੇ ਬੈਠਾ ਆਸ ਲਗਾਈ ।

□



Academy of the Punjab in North America: http://www.apnaorg.com

## ਰੁਬਾਈ

ਧਰਮ ਕਰਮ ਨੂੰ ਛਡ ਜਾਂਦੇ ਨੇ ਜਿਹਦੇ ਪਿਛੇ ਸਾਰੇ
ਜਿਹਦੇ ਪਿਛੇ ਸਾਰੇ ਯਾਰੋ ਫਿਰਦੇ ਨੇ ਮਾਰੇ ਮਾਰੇ
ਉਸ ਮਾਇਆ ਦੀ ਅਸਲ ਹਕੀਕਤ ਨਾਨਕ ਇਉਂ ਦਰਸਾਵੇ
ਪਾਪਾਂ ਬਾਝੋਂ ਇਕੱਠੀ ਨਾ ਹੋਏ ਮੋਇਆਂ ਸਾਥ ਨਾ ਜਾਵੇ ।

❑



Academy of the Punjab in North America: http://www.apnaorg.com

## ਰੁਬਾਈ

ਥਕ ਗਈ ਮੈਂ ਯਾਦ ਤੇਰੀ ਦੇ ਹਾਏ ਅਟੇਰ ਗੁਲੋਟੇ
ਪੂਰੀ ਹੋਈ ਨਾ ਮਿਲਣ ਦੀ ਅੱਟੀ ਐਸੇ ਭਾਗ ਨੇ ਖੋਟੇ
ਐਸਾ ਗਿਉਂ ਵਿਛੜ ਕੇ ਚੰਨਾਂ ਮੁੜ ਕੇ ਤੂੰ ਨਾ ਆਇਓਂ
ਯਾਦ ਤੇਰੀ ਵਿਚ ਔਸੀਆਂ ਪਾਕੇ ਦੇਖ ਘਿਸਾ ਲਏ ਪੋਟੇ ।

□



Academy of the Punjab in North America: http://www.apnaorg.com

## ਰੁਬਾਈ

ਤੈਨੂੰ ਰੱਬ ਨੇ ਹੁਸਨ ਦਿੱਤਾ ਹੈ
ਮੈਨੂੰ ਵੀ ਦੋ ਅੱਖਾਂ

ਤੇਰੇ ਹੁਸਨ ਦੇ ਜਾਦੂ ਨੇ
ਮੋਹ ਲਏ ਕਈ ਲੱਖਾਂ

ਤੂੰ ਲੰਘੇ ਤਾਂ ਤੈਨੂੰ ਗੋਰੀ
ਸਾਰੇ ਲੋਕੀਂ ਤੱਕਣ

ਫਿਰ ਤੂੰ ਦਸ ਇਹਨਾਂ ਨੂੰ ਅੜੀਏ
ਮੈਂ ਕਿਵੇਂ ਬੰਦ ਰੱਖਾਂ।

□



Academy of the Punjab in North America: http://www.apnaorg.com